ਤਿਕੋਨਿਆ – ਲਖੀਮਪੁਰ ਖੀਰੀ ਵਿਚ ਹੋਏ ਕਤਲੇਆਮ

ਦੀ

ਕੁੱਲ ਹਿੰਦ ਜਮਹੂਰੀ ਅਧਿਕਾਰ ਜਥੇਬੰਦੀਆਂ ਦੀ ਰੀਪੋਰਟ

ਦਸੰਬਰ 2021

ਟੀਮ ਮੈਂਬਰ

ਪ੍ਰੋ ਜਗਮੋਹਨ ਸਿੰਘ

ਜਰਨਲ ਸਕੱਤਰ ਜਮਹੂਰੀ ਅਧਿਕਾਰ ਸਭਾ (ਪੰਜਾਬ)

ਨਰਭਿੰਦਰ ਸਿੰਘ

ਜਮਹੂਰੀ ਅਧਿਕਾਰ ਸਭਾ (ਪੰਜਾਬ)

ਪ੍ਰਤਿਪਾਲ ਸਿੰਘ

ਜਮਹੂਰੀ ਅਧਿਕਾਰ ਸਭਾ (ਪੰਜਾਬ)

ਅਡਵੋਕੇਟ ਐਨ ਕੇ ਜੀਤ

ਜਮਹੂਰੀ ਅਧਿਕਾਰ ਸਭਾ (ਪੰਜਾਬ)

ਸੀਮਾ ਅਜਾਦ

ਪੀਪਲ ਯੂਨੀਅਨ ਫਾਰ ਸਿਵਲ ਲਿਬਰਟੀ (P U C L)

ਗੋਪਾਲ ਸੁੰਦਰਰਾਜਨ

ਦੀ ਕਮੇਟੀ ਫਾਰ ਪਰੋਟੇਕਸ਼ਨ ਆਫ ਡੀਮੋਕਰੇਟਿਕ ਰਾਇਟਸ (C P R D) ਤਾਮਿਲ ਨਾਡੂ

ਮਨੂੰ ਅਕਾਵੂਰ

ਦੀ ਕਮੇਟੀ ਫਾਰ ਪਰੋਟੇਕਸ਼ਨ ਆਫ ਡੀਮੋਕਰੇਟਿਕ ਰਾਇਟਸ (C P R D) ਤਾਮਿਲ ਨਾਡੂ

ਡਾਂ ਸੁਖਦੇਵ ਹੁੰਡਲ

ਜਮਹੂਰੀ ਅਧਿਕਾਰ ਸਭਾ (ਹਰਿਆਣਾ)

ਮੁਹੱਮਦ ਫੈਜਲ

ਕਰਾਂਤੀ ਕਾਰੀ ਲੋਕ ਅਧਿਕਾਰ ਸੰਘਟਨ (ਉਤਰ ਪ੍ਰਦੇਸ਼)

ਕਮਲੇਸ਼

ਪ੍ਰੀਵਰਤਨਗਾਮੀ ਛਾਤਰ ਸੰਘਠਣ (ਉਤਰ ਪ੍ਰਦੇਸ਼)

ਨਵਸ਼ਰਣ ਸਿੰਘ

ਲੇਖਕ ਤੇ ਸਮਾਜਿਕ ਕਾਰਿਆ ਕਰਤਾ ਦਿਲੀ

ਮੁੱਖ ਬੰਧ

3 ਅਕਤੂਬਰ 2021 ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਤੇ ਖੀਰੀ ਹਲਕੇ ਤੋਂ ਸੰਸਦ ਮੈਂਬਰ ਅਜੈ ਮਿਸ਼ਰਾ ਟੈਨੀ ਅਤੇ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਪਿੰਡ ਵਿੱਚ ਇੱਕ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੇ ਸਨ ਜਦੋਂ ਤਿਕੁਨੀਆ ਵਿਖੇ ਇਲਾਕੇ ਦੇ ਕਈ ਜ਼ਿਲ੍ਹਿਆਂ ਵਿੱਚੋਂ ਕਿਸਾਨ ਮੁਜ਼ਾਹਰਾ ਕਰਨ ਵਾਸਤੇ ਇਕੱਠੇ ਹੋਏ। ਮੁਲਕ ਵਿੱਚ ਚੱਲ ਰਹੇ ਕਿਸਾਨ ਸੰਘਰਸ਼ ਦੇ ਤਹਿਤ ਕਿਸਾਨ ਯੂਨੀਅਨਾਂ ਨੇ ਸੱਦਾ ਦਿੱਤਾ ਹੋਇਆ ਸੀ ਕਿ ਹਾਕਮ ਪਾਰਟੀ ਦੇ ਮੰਤਰੀਆਂ ਨੂੰ ਹਰ ਜਗ੍ਹਾ ਕਾਲੀਆਂ ਝੰਡੀਆਂ ਵਿਖਾਈਆਂ ਜਾਣ ਅਤੇ ਇਸ ਇਲਾਕੇ ਦੇ ਕਿਸਾਨ ਠੀਕ ਇਹੀ ਕਰ ਰਹੇ ਸਨ। ਇਸ ਦੇ ਇਲਾਵਾ ਥੋੜ੍ਹੇ ਦਿਨ ਪਹਿਲਾਂ ਇਕ ਹੋਰ ਸਮਾਗਮ ਵਿੱਚ ਜ਼ਿਲ੍ਹੇ ਦੇ ਪਲੀਆ ਕਸਬੇ ਵਿਖੇ ਵਿਰੋਧ ਕਰ ਰਹੇ ਕਿਸਾਨਾਂ ਵੱਲੋਂ, ਕਾਲੀਆਂ ਝੰਡੀਆਂ ਵਿਖਾਉਣ 'ਤੇ ਭਾਸ਼ਣ ਦੌਰਾਨ ਅਜੈ ਮਿਸ਼ਰਾ ਟੈਨੀ ਨੇ ਕਿਸਾਨਾਂ ਨੂੰ ਧਮਕਾਉਂਦੇ ਹੋਏ ਕਿਹਾ ਸੀ, 'ਸੁਧਰ ਜਾਓ ਨਹੀਂ ਤੋ ਹਮ ਆਪ ਕੋ ਸੁਧਾਰ ਦੇਂਗੇ, ਦੋ ਮਿੰਟ ਲੱਗੇਂਗੇ ਕੇਵਲ' (ਸੁਧਰ ਜਾਓ ਨਹੀਂ ਤਾਂ ਅਸੀਂ ਤੁਹਾਨੂੰ ਸੁਧਾਰ ਦਿਆਂਗੇ ਸਿਰਫ ਦੋ ਮਿੰਟ ਲੱਗਣਗੇ)। ਕਿਸਾਨਾਂ ਨੇ ਉਪ ਮੁੱਖ ਮੰਤਰੀ ਦੇ ਹੈਲੀਕਾਪਟਰ ਨੂੰ ਤਿਕੁਨੀਆ ਵਿਖੇ ਉਤਰਨ ਤੋਂ ਰੋਕਣ ਲਈ, ਕਾਲੇ ਝੰਡੇ ਦਿਖਾਉਂਦੇ ਹੋਏ ਅਤੇ ਪੁਰਅਮਨ ਢੰਗ ਨਾਲ ਹੈਲੀਪੈਡ ਤੇ ਕਬਜ਼ਾ ਕਰਨ ਵਾਸਤੇ ਵੱਡੀ ਪੱਧਰ ਤੇ ਲਾਮਬੰਦੀ ਕੀਤੀ। ਮੁਜ਼ਾਹਰੇ ਦੇ ਅੰਤ 'ਚ ਜਦੋਂ ਕਿਸਾਨ ਉਸ ਜਗ੍ਹਾ ਤੋਂ ਵਾਪਸ ਮੁੜ ਰਹੇ ਸਨ, ਅਜੇ ਮਿਸ਼ਰਾ ਟੈਨੀ ਦੇ ਪਰਿਵਾਰ ਨਾਲ ਸਬੰਧਤ ਤਿੰਨ ਐੱਸ ਯੂ ਵੀ ਗੱਡੀਆਂ ਕਿਸਾਨਾਂ ਤੇ ਚੜ੍ਹਾ ਦਿੱਤੀਆਂ ਜਾਂਦੀਆਂ ਹਨ। ਹਮਲੇ ਵਿੱਚ 4 ਕਿਸਾਨਾਂ ਅਤੇ ਇੱਕ ਪੱਤਰਕਾਰ ਦੀ ਮੌਤ ਹੋ ਜਾਂਦੀ ਹੈ। ਜਦੋਂ ਕਿ ਕਈ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ। ਇਸ ਤੋਂ ਇਲਾਵਾ ਬੀ ਜੇ ਪੀ ਦੇ ਤਿੰਨ ਕਾਰਕੁਨ ਵੀ ਮਰ ਗਏ। ਮੌਕੇ ਤੇ ਹਾਜ਼ਰ ਮੁਜ਼ਾਹਰਾਕਾਰੀਆਂ ਨੇ ਦੋਸ਼ ਲਾਇਆ ਹੈ ਕਿ ਟੈਨੀ ਦਾ ਲੜਕਾ ਆਸ਼ੀਸ਼ ਹਿੰਸਕ ਕਾਰਵਾਈ ਦੀ ਅਗਵਾਈ ਕਰ ਰਿਹਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਆਸ਼ੀਸ਼ ਅਤੇ ਉਸਦੇ ਬੰਦਿਆਂ ਨੇ ਕਿਸਾਨਾਂ ਤੇ ਗੱਡੀਆਂ ਚੜ੍ਹਾਈਆਂ। ਉਸ ਰਾਤ ਕਈ ਟੀ ਵੀ ਚੈਨਲਾਂ ਤੇ ਇੰਟਰਵਿਊ ਦੇਂਦੇ ਹੋਏ ਟੈਨੀ ਅਤੇ ਆਸ਼ੀਸ਼ ਨੇ ਇਨ੍ਹਾਂ ਦੋਸ਼ਾਂ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਹ ਘਟਨਾ ਵਾਲੀ ਥਾਂ ਤੇ ਹਾਜ਼ਰ ਨਹੀਂ ਸਨ। ਅਜੈ ਮਿਸ਼ਰਾ ਨੇ ਕਿਸਾਨਾਂ ਉੱਤੇ , ਬੀਜੇਪੀ ਕਾਰਕੁਨਾਂ ਅਤੇ ਡਰਾਈਵਰ ਦੀ ਲਿੰਚਿੰਗ (ਹਜੂਮੀ ਹਿੰਸਾ) ਦਾ ਦੋਸ਼ ਵੀ ਲਾਇਆ। ਉਸ ਨੇ ਦਾਅਵਾ ਕੀਤਾ ਕਿ ਕਿਸਾਨਾਂ ਨੇ ਪਥਰਾਓ ਕੀਤਾ ਸੀ ਜਿਸ ਨਾਲ ਕਾਰਾਂ ਕਾਬੂ ਤੋਂ ਬਾਹਰ ਹੋ ਗਈਆਂ ।

ਇਸ ਘਟਨਾ ਦੀ ਪੜਤਾਲ ਵਾਸਤੇ ਅਤੇ ਇਸ ਘਟਨਾ ਲਈ ਜ਼ਿੰਮੇਵਾਰ ਤੱਥਾਂ ਦੀ ਜਾਂਚ ਵਾਸਤੇ 11 ਮੈਂਬਰੀ ਤੱਥ ਖੋਜ ਟੀਮ ਨੇ 27 ਤੋਂ 29 ਅਕਤੂਬਰ ਤਕ ਇਸ ਇਲਾਕੇ ਦਾ ਦੌਰਾ ਕੀਤਾ। ਟੀਮ ਕਈ ਥਾਈਂ ਗਈ। ਚਸ਼ਮਦੀਦ ਗਵਾਹਾਂ ਜਿਨ੍ਹਾਂ ਵਿਚ ਉਹ ਵੀ ਸ਼ਾਮਲ ਸਨ ਜਿਹੜੇ ਸੀਆਰਪੀਸੀ ਦੀ ਧਾਰਾ 164 ਤਹਿਤ ਬਿਆਨ ਦਰਜ ਕਰਾ ਚੁੱਕੇ ਸਨ , ਜਨਤਕ ਹੋ ਚੁੱਕੀਆਂ ਵੀਡੀਓ ਅਤੇ ਰਿਪੋਰਟਾਂ ਸਮੇਤ ਮੁਕਾਮੀ ਲੋਕਾਂ ਨਾਲ ਮੁਲਾਕਾਤਾਂ, ਕਿਸਾਨਾਂ ਦੇ ਪਰਿਵਾਰਾਂ ਅਤੇ ਵਕੀਲਾਂ ਤੱਕ ਪਹੁੰਚ ਕੀਤੀ ਗਈ।

ਖੀਰੀ ਖੇਤਰ

ਖੀਰੀ, ਪ੍ਰਸ਼ਾਸਕੀ ਤੌਰ ਤੇ 6 ਤਹਿਸੀਲਾਂ- ਨਿਘਾਸਨ, ਗੋਲਾ ਗੋਕਰਨ, ਮੁਹੰਮਦੀ, ਲਖੀਮਪੁਰ, ਧੌਰੇਹਰਾ ਅਤੇ ਪਲੀਆ ਵਿੱਚ ਵੰਡਿਆ ਹੋਇਆ ਅਵਧ ਖੇਤਰ ਦਾ ਸਰਹੱਦੀ ਜ਼ਿਲ੍ਹਾ ਹੈ। ਅਜੈ ਮਿਸ਼ਰਾ 2019 ਵਿੱਚ ਲਗਾਤਾਰ ਦੂਜੀ ਵਾਰੀ ਇਸ ਹਲਕੇ ਤੋਂ ਲੋਕ ਸਭਾ ਦਾ ਮੈਂਬਰ ਬਣਿਆ। ਅਜੈ ਮਿਸ਼ਰਾ ਦੀ ਆਪਣੀ ਤਹਿਸੀਲ ਅਤੇ ਪਿੰਡ ਸਮੇਤ ਖਿੱਤੇ ਦੇ ਮਨੁੱਖੀ ਵਿਕਾਸ ਸੂਚਕ ਅੰਕ ਕਾਫੀ ਮਾੜੀ ਹਾਲਤ ਵਿੱਚ ਹਨ ।



ਖੀਰੀ ਜ਼ਿਲ੍ਹੇ ਦਾ ਨਕਸ਼ਾ


ਖੀਰੀ ਜ਼ਿਲ੍ਹੇ ਦੀ ਸ਼ਹਿਰੀ ਆਬਾਦੀ 11.5 ਫ਼ੀ ਸਦੀ ਹੈ। ਕੁੱਲ ਪੇਂਡੂ ਵਸੋਂ ਜੋ ਲਗਪਗ 35 ਲੱਖ ਹੈ, 15 ਕਮਿਊਨਿਟੀ ਬਲਾਕਾਂ ਵਿਚ ਫੈਲੀ ਹੋਈ ਹੈ।

ਇਸ ਜ਼ਿਲ੍ਹੇ ਵਿੱਚ 995 ਗਰਾਮ ਪੰਚਾਇਤਾਂ ਹਨ ਅਤੇ 1794 ਮਾਲ(revenue) ਪਿੰਡ ਹਨ ਜਿਨ੍ਹਾਂ ਵਿੱਚ 1706 ਆਬਾਦ ਪਿੰਡ ਹਨ ਅਤੇ 88 ਬੇ ਆਬਾਦ ਹਨ। ਸੰਘਣੀ ਆਬਾਦੀ ਵਾਲੇ ਨਿਘਾਸਨ ਬਲਾਕ ਦੀ ਜਨਸੰਖਿਆ ਲਗਪਗ 3 ਲੱਖ ਹੈ। ਜ਼ਿਲ੍ਹੇ ਦਾ ਲਿੰਗ ਅਨੁਪਾਤ 894 ਹੈ ਜੋ ਸੂਬੇ ਦੇ ਲਿੰਗ ਅਨੁਪਾਤ(912) ਨਾਲੋਂ ਘੱਟ ਹੈ। ਖੀਰੀ ਜ਼ਿਲ੍ਹੇ ਵਿੱਚ ਪਸ਼ੂ ਪਾਲਣ ਅਤੇ ਖੇਤੀ ਉਤਪਾਦਨ(81.8%) ਕਿਰਤ ਸ਼ਕਤੀ ਦੀ ਵਰਤੋਂ ਦਾ ਸਭ ਤੋਂ ਵੱਡਾ ਖੇਤਰ ਹੈ ਅਤੇ ਇਹ ਸਨਅਤ ਦੇ ਖੇਤਰ ਨਾਲੋਂ ਪਛੜਿਆ ਹੋਇਆ ਹੈ। ਪਲੀਆਂ ਕਲਾਂ, ਸੰਪੂਰਨਾ ਨਗਰ, ਗੋਲਾ, ਖੰਪਾਰੀਆ' ਬੇਲਰਾਇਨ ਅਤੇ ਅਜਵਾਪੁਰ ਸਥਿਤ ਇਕਾਈਆਂ ਵਿਚ, ਖੰਡ ਅਤੇ ਖੰਡ ਦੇ ਉਪ ਉਤਪਾਦ ਜਿਵੇਂ ਕਿ ਗੁੜ, ਸ਼ਰਾਬ ਅਤੇ ਹੋਰ ਚੀਜ਼ਾਂ ਵੱਡੀ ਪੱਧਰ ਤੇ ਪੈਦਾ ਕੀਤੀਆਂ ਜਾਂਦੀਆਂ ਹਨ। ਹਾਲਾਂਕਿ ਖੰਡ ਦੀ ਪੈਦਾਵਾਰ ਮੌਸਮੀ ਸਨਅਤ ਹੈ ਅਤੇ ਸਿਰਫ ਨਵੰਬਰ ਤੋਂ ਮਾਰਚ ਮਹੀਨਿਆਂ ਦੌਰਾਨ ਹੀ ਮਿੱਲਾਂ ਚਲਦੀਆਂ ਹਨ।

ਖੀਰੀ ਜ਼ਿਲ੍ਹੇ ਦੀ 60.56 ਫ਼ੀਸਦੀ ਆਬਾਦੀ ਸਾਖ਼ਰ ਹੈ। ਸਾਖਰਤਾ ਵਿੱਚੋਂ 75 ਜ਼ਿਲ੍ਹਿਆਂ ਵਿੱਚੋਂ ਖੀਰੀ 61 ਵੇਂ ਦਰਜੇ ਤੇ ਆਉਂਦਾ ਹੈ। ਸੂਬੇ ਦੀ ਔਸਤ 67.7 ਫ਼ੀਸਦੀ ਨਾਲੋਂ ਹੇਠਾਂ ਰਹਿ ਜਾਂਦਾ ਹੈ। ਸ਼ਹਿਰੀ ਖੇਤਰ ਵਿੱਚ ਸਾਖਰਤਾ 71.72 ਫ਼ੀਸਦੀ ਅਤੇ ਪੇਂਡੂ ਖੇਤਰ ਵਿਚ 59.04 ਫ਼ੀ ਸਦੀ ਹੈ। ਮਰਦ ਸਾਖਰਤਾ 69.57 ਫ਼ੀਸਦੀ ਜੋ ਔਰਤਾਂ ਦੀ ਸਾਖ਼ਰਤਾ 50.42 ਫ਼ੀਸਦੀ ਦੇ ਮੁਕਾਬਲੇ ਉੱਚੀ ਹੈ, ਅਤੇ ਮਰਦ ਔਰਤ ਸਾਖ਼ਰਤਾ ਦਰ ਵਿੱਚ 19.15 ਫ਼ੀਸਦੀ ਦਾ ਫ਼ਰਕ ਹੈ। ਅਨਸੂਚਿਤ ਜਾਤੀਆਂ ਵਿੱਚ ਸਾਖ਼ਰਤਾ, ਪੇਂਡੂ ਖੇਤਰ ਵਿੱਚ 54.6 ਫੀਸਦੀ ਅਤੇ ਕਸਬਿਆਂ ਵਿੱਚ 57.8 ਫ਼ੀਸਦੀ ਹੈ। ਅਨੁਸੂਚਿਤ ਜਨ ਜਾਤੀਆਂ ਵਿੱਚ ਸ਼ਹਿਰੀ ਖੇਤਰਾਂ ਦੀ 75.1 ਫ਼ੀਸਦੀ ਦੇ ਮੁਕਾਬਲੇ ਪੇਂਡੂ ਸਾਖਰਤਾ ਦਰ 56.5 ਫ਼ੀ ਸਦੀ ਹੈ। ਜ਼ਿਲ੍ਹੇ ਦੇ 275 ਪਿੰਡਾਂ ਵਿੱਚ ਕੋਈ ਵੀ ਪ੍ਰਾਇਮਰੀ ਸਕੂਲ ਨਹੀਂ ਹੈ। ਅਤੇ ਆਲੇ ਦੁਆਲੇ ਦੇ 150 ਪਿੰਡਾਂ ਦੇ ਬੱਚਿਆਂ ਨੂੰ ਮਿਡਲ ਸਕੂਲ ਤੱਕ ਪਹੁੰਚਣ ਲਈ 5 ਜਾਂ ਇਸ ਤੋਂ ਵੱਧ ਕਿਲੋਮੀਟਰ ਦੀ ਯਾਤਰਾ ਕਰਨੀ ਪੈਂਦੀ ਹੈ। ਜ਼ਿਲ੍ਹੇ ਦੇ 894 ਪਿੰਡਾਂ ਦੇ ਵਿਦਿਆਰਥੀਆਂ ਨੂੰ ਡਿਗਰੀ ਕਾਲਜ ਵਿੱਚ ਜਾਣ ਲਈ 10 ਕਿਲੋਮੀਟਰ ਤੋਂ ਵੱਧ ਦਾ ਸਫ਼ਰ ਕਰਨਾ ਪੈਂਦਾ ਹੈ।

ਇਸੇ ਤਰ੍ਹਾਂ ਜ਼ਿਲ੍ਹੇ ਦੇ 1794 ਵਿੱਚੋਂ 1699 ਪਿੰਡਾਂ ਵਿੱਚ ਕੋਈ ਹਸਪਤਾਲ ਨਹੀਂ ਹੈ(ਐਲੋਪੈਥਿਕ ਜਾਂ ਪ੍ਰੰਪਰਾਗਤ) ਅਤੇ 1638 ਪਿੰਡ ਜਨਤਕ ਸਿਹਤ ਕੇਂਦਰਾਂ (ਪੀ ਐੱਚ ਸੀ) ਤੱਕ ਦੀਆਂ ਸਹੂਲਤਾਂ ਤੋਂ ਸੱਖਣੇ ਹਨ। 688 ਪਿੰਡਾਂ ਦੇ ਲੋਕਾਂ ਨੂੰ ਹਸਪਤਾਲ ਪਹੁੰਚਣ ਲਈ 10 ਕਿਲੋਮੀਟਰ ਤੋਂ ਵੱਧ ਚੱਲਣਾ ਪੈਂਦਾ ਹੈ। 431 ਪਿੰਡਾਂ ਵਾਸਤੇ ਨੇੜੇ ਤੋਂ ਨੇੜੇ ਦਾ ਪੀ ਐਚ ਸੀ 10 ਕਿਲੋਮੀਟਰ ਦੂਰ ਹੈ।

ਨਿਘਾਸਨ ਜਿੱਥੋਂ ਅਜੈ ਮਿਸ਼ਰਾ 2012 ਵਿੱਚ ਵਿਧਾਨ ਸਭਾ ਚੋਣਾਂ ਜਿੱਤਿਆ ਸੀ, ਸਾਖਰਤਾ ਦਰ ਦੇ ਮਾਮਲੇ ਵਿੱਚ ਨਿਕੰਮਾ (49.89 ਫ਼ੀਸਦੀ) ਹੈ, ਔਰਤਾਂ (39.44 ਫ਼ੀਸਦੀ), ਮਰਦ (59.25 ਫ਼ੀਸਦੀ) ਅਤੇ ਜ਼ਿਲ੍ਹੇ ਦੇ ਸਭ ਤੋਂ ਮਾੜੇ ਬਲਾਕਾਂ ਵਿਚ ਆਉਂਦਾ ਹੈ।



ਨਿਘਾਸਨ ਤਹਿਸੀਲ ਦਾ ਨਕਸ਼ਾ

ਅਜੈ ਮਿਸ਼ਰਾ ਦਾ ਪਿੰਡ ਬਨਵੀਰਪੁਰ, ਨਿਘਾਸਨ ਤਹਿਸੀਲ ਵਿੱਚ ਪੈਂਦਾ ਹੈ। ਬਨਵੀਰਪੁਰ ਦੀ ਆਬਾਦੀ 5578 ਹੈ। ਔਰਤਾਂ ਦੀ ਜਨਸੰਖਿਆ 47.1 ਫ਼ੀਸਦੀ ਹੈ। ਪਿੰਡ ਦੀ ਸਾਖ਼ਰਤਾ ਦਰ 46.1 ਫ਼ੀਸਦੀ ਹੈ। ਔਰਤਾਂ ਦੀ ਸੂਬੇ ਦੀ ਸਾਖਰਤਾ ਦਰ 57.2 ਫੀਸਦੀ ਅਤੇ ਕੌਮੀ ਸਾਖਰਤਾ ਦਰ 64.63 ਫੀਸਦੀ ਦੇ ਮੁਕਾਬਲੇ ਇੱਥੋਂ ਦੀ ਸਾਖਰਤਾ ਦਰ 16.8 ਫੀਸਦੀ ਹੈ। ਪਿੰਡ ਵਿੱਚ ਦੋ ਮਿਡਲ ਅਤੇ ਸੈਕੰਡਰੀ ਸਕੂਲ ਹਨ ਅਤੇ ਇੱਕ ਸੀਨੀਅਰ ਸੈਕੰਡਰੀ ਸਕੂਲ ਹੈ। ਕੁਝ ਸੰਸਥਾਵਾਂ ਸਿੱਖਾਂ ਦੁਆਰਾ ਚਲਾਈਆਂ ਜਾ ਰਹੀਆਂ ਹਨ ਜਿਵੇਂ ਕਿ ਗੁਰੂ ਨਾਨਕ ਦੇਵ ਸਿੱਖ ਅਕਾਡਮੀ। ਨੇੜੇ ਤੋਂ ਨੇੜੇ ਦਾ ਡਿਗਰੀ ਕਾਲਜ, ਇੰਜੀਨੀਅਰਿੰਗ ਕਾਲਜ, ਮੈਡੀਕਲ ਕਾਲਜ ਅਤੇ ਆਈ ਟੀ ਆਈ ਪਿੰਡ ਤੋਂ 10 ਕਿਲੋਮੀਟਰ ਤੋਂ ਵੱਧ ਦੂਰ ਹਨ। ਇੱਕ ਜਨਤਕ ਸਿਹਤ ਕੇਂਦਰ ਹੈ ਜੋ ਪਿੰਡ ਤੋਂ 5 ਕਿਲੋਮੀਟਰ ਦੂਰ ਹੈ, ਪਰ ਹਸਪਤਾਲ ਕੋਈ ਨਹੀਂ ਹੈ। ਸਾਰੇ ਮਜ਼ਦੂਰਾਂ ਦਾ 75.23 ਫ਼ੀਸਦੀ ਖੇਤੀ ਨਾਲ ਸਬੰਧਤ ਕੰਮ ਕਰਦੇ ਹਨ। ਨਿਘਾਸਨ ਤਹਿਸੀਲ ਅਤੇ ਖੀਰੀ ਜ਼ਿਲ੍ਹੇ ਦੀ ਕਿਰਤ ਸ਼ਕਤੀ ਦੀ ਵੰਡ ਵੀ ਇਸੇ ਤਰ੍ਹਾਂ ਹੀ ਹੈ ਅਤੇ ਕਿਰਤੀ ਮੁੱਖ ਤੌਰ ਤੇ ਖੇਤ ਮਜ਼ਦੂਰੀ ਕਰਦੇ ਹਨ।

ਲਖੀਮਪੁਰ ਵਿੱਚ ਸਿੱਖ ਕਿਸਾਨ

2011 ਦੀ ਮਰਦਮਸ਼ੁਮਾਰੀ ਅਨੁਸਾਰ ਉੱਤਰ ਪ੍ਰਦੇਸ਼ ਵਿੱਚ ਸਿੱਖਾਂ ਦੀ ਆਬਾਦੀ 643500 ਹੈ ।ਇਨ੍ਹਾਂ ਵਿਚੋਂ 94388 ਖੀਰੀ ਜ਼ਿਲ੍ਹੇ ਵਿੱਚ ਹਨ। ਇਹ ਖੀਰੀ ਦੀ ਆਬਾਦੀ ਦਾ 2.63 ਫ਼ੀਸਦੀ ਬਣਦੇ ਹਨ ਅਤੇ ਸਾਰੇ ਜ਼ਿਲ੍ਹੇ ਵਿੱਚ ਫੈਲੇ ਹੋਏ ਹਨ । ਇਹ ਕਿਸੇ ਵੀ ਕਸਬੇ ਵਿੱਚ ਬਹੁ ਗਿਣਤੀ ਵਿੱਚ ਨਹੀਂ ਹਨ ਅਤੇ ਫਿਰ ਵੀ ਖੇਤਰ ਦੀ ਸਿਆਸੀ ਆਰਥਿਕਤਾ ਦਾ ਮਹੱਤਵਪੂਰਨ ਅੰਗ ਹਨ।

ਤਰਾਈ ਖੇਤਰ ਵਿੱਚ, ਜਿਸ ਵਿੱਚ ਉੱਤਰ ਪ੍ਰਦੇਸ਼ ਦੇ ਬਰੇਲੀ, ਪੀਲੀਭੀਤ, ਬਹਿਰਾਈਚ ਅਤੇ ਲਖੀਮਪੁਰ ਖੀਰੀ ਜ਼ਿਲ੍ਹੇ ਅਤੇ ਉਤਰਾਖੰਡ ਦੇ ਊਧਮ ਸਿੰਘ ਨਗਰ ਅਤੇ ਨੈਨੀਤਾਲ ਜ਼ਿਲ੍ਹੇ ਆਉਂਦੇ ਹਨ, ਜ਼ਮੀਨ ਨੂੰ ਵਾਹੀਯੋਗ ਬਣਾਉਣ ਵਾਸਤੇ, ਭਾਰਤ ਸਰਕਾਰ ਵੱਲੋਂ ਇਸ ਖੇਤਰ ਤੋਂ ਬਾਹਰਲੇ ਲੋਕਾਂ ਨੂੰ ਇੱਥੇ ਆਉਣ ਲਈ ਉਤਸ਼ਾਹਤ ਕਰਨ ਤੋਂ ਪਹਿਲਾਂ, ਇਹ ਖਿੱਤਾ ਇੱਕ ਵਿਸ਼ਾਲ ਜੰਗਲ ਦੀ ਪੱਟੀ ਸੀ। 1940 ਵਿਆਂ ਵਿੱਚ ਤਿੰਨ ਕਿਸਮ ਦੇ ਲੋਕਾਂ ਨੂੰ ਜ਼ਮੀਨਾਂ ਅਲਾਟ ਕੀਤੀਆਂ ਗਈਆਂ- ਪੱਛਮੀ ਪਾਕਿਸਤਾਨ ਵਿੱਚ ਰਹਿ ਗਈਆਂ ਜ਼ਮੀਨਾਂ ਬਦਲੇ ਸਿੱਖ ਸ਼ਰਣਾਰਥੀਆਂ ਨੂੰ, ਕੁਮਾਯੂੰ ਖਿੱਤੇ ਦੇ ਸਾਬਕਾ ਫੌਜੀਆਂ ਨੂੰ, ਪੂਰਬੀ ਉੱਤਰ ਪ੍ਰਦੇਸ਼ ਦੇ ਸੁਤੰਤਰਤਾ ਸੰਗਰਾਮੀਆਂ ਨੂੰ। ਇਸ ਤੋਂ ਬਾਅਦ ਪੰਜਾਬ ਤੋਂ ਹੋਰ ਕਿਸਾਨ ਇੱਥੇ ਆਏ ਕਿਉਂਕਿ ਤਰਾਈ ਖੇਤਰ ਵਿਚ ਜ਼ਮੀਨਾਂ ਪੰਜਾਬ ਦੇ ਮੁਕਾਬਲੇ 5 ਗੁਣਾ ਸਸਤੀਆਂ ਸਨ। ਉਨ੍ਹਾਂ ਲੋਕਾਂ ਤੋਂ ਬਿਨਾਂ ਜਿਨ੍ਹਾਂ ਨੂੰ ਜ਼ਮੀਨਾਂ ਅਲਾਟ ਹੋਈਆਂ ਸਨ, ਬੇਜ਼ਮੀਨੇ ਹੇਠਲੀਆਂ ਜਾਤਾਂ ‘ਚੋਂ, ਰਾਏ ਸਿੱਖ ਅਤੇ ਮਜ਼੍ਹਬੀ ਸਿੱਖ ਵੀ ਖੇਤਾਂ ਵਿੱਚ ਮਜ਼ਦੂਰੀ ਕਰਨ ਵਾਸਤੇ ਤਰਾਈ ਵਿਚ ਆਏ। ਜੰਗਲ ਨਿਵਾਸੀ ਬਕਸਾ ਅਤੇ ਥਾਰੂ ਜਨਜਾਤੀਆਂ ਤੋਂ ਉਨ੍ਹਾਂ ਕਿਸਾਨਾਂ ਦੁਆਰਾ ਜ਼ਮੀਨਾਂ ਖ਼ਰੀਦ ਕੇ ਵਾਹੀਯੋਗ ਬਣਾਈਆਂ ਗਈਆਂ ਜਿਨ੍ਹਾਂ ਨੂੰ ਆਧੁਨਿਕ ਖੇਤੀ ਕਰਨ ਦਾ ਤਜਰਬਾ ਅਤੇ ਗਿਆਨ ਸੀ। ਜ਼ਮੀਨਾਂ ਜਿਨ੍ਹਾਂ ਦਾ ਤਬਾਦਲਾ ਵਿਧੀਵੱਤ ਨਹੀਂ ਹੁੰਦਾ ਸੀ, ਬਹੁਤ ਸਸਤੀਆਂ ਸਨ। 1951 ਤੋਂ 1961 ਦੇ ਦਰਮਿਆਨ ਸਿੱਖ ਆਬਾਦੀ 197612 ਤੋਂ ਵਧ ਕੇ 283737 ਹੋ ਗਈ ।

ਜ਼ਮੀਨੀ ਸਬੰਧ

ਤਰਾਈ ਖੇਤਰ ਦੇ ਕਿਸਾਨ ਸੰਘਰਸ਼ਾਂ ਦਾ ਲੰਬਾ ਇਤਿਹਾਸ ਰਿਹਾ ਹੈ। ਇੱਥੋਂ ਦਾ ਠੀਕ ਢੰਗ ਨਾਲ ਲਿਖਿਆ ਇਤਿਹਾਸ ਤਾਂ ਨਹੀਂ ਹੈ ਪਰ ਕੁਝ ਮਹੱਤਵਪੂਰਨ ਰਿਪੋਰਟਾਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਬੇਜ਼ਮੀਨੇ ਕਿਸਾਨਾਂ ਦੇ ਜ਼ਮੀਨ ਦੇ ਮਾਲਕਾਂਨਾ ਹੱਕਾਂ ਲਈ ਸੰਘਰਸ਼, ਅੰਦੋਲਨਾਂ ਦਾ ਕੇਂਦਰੀ ਮੁੱਦਾ ਰਿਹਾ ਹੈ। 1960 ਵਿਆਂ ਦੇ ਪਹਿਲੇ ਸੰਘਰਸ਼, ਸਰਕਾਰ ਵੱਲੋਂ ਤਰਾਈ ਖੇਤਰ ਵਿਚ ਲਿਆਂਦੇ ਗਏ ਸ਼ਰਨਾਰਥੀਆਂ ਦੇ ਸਨ, ਜਿਨ੍ਹਾਂ ਨੂੰ ਕੀਤੇ ਗਏ ਵਾਅਦੇ ਮੁਤਾਬਕ ਜ਼ਮੀਨ ਦਾ ਟੁਕੜਾ ਕਦੀ ਨਹੀਂ ਮਿਲਿਆ। 1970 ਵਿਆਂ ਵਿੱਚ ਜ਼ਮੀਨ ਹੱਦਬੰਦੀ ਸੀਮਾ ਤੋਂ ਉੱਪਰਲੀ ਜ਼ਮੀਨ ਦੀ ਮੁੜ ਵੰਡ ਲਈ, ਜਥੇਬੰਦਕ ਸੰਘਰਸ਼ਾਂ ਦੀ ਅਗਵਾਈ ਕੀਤੀ ਗਈ। ਇਨ੍ਹਾਂ ਨੂੰ ਅਕਸਰ ਵੱਡੇ ਜ਼ਿਮੀਂਦਾਰਾਂ ਦੇ ਸਥਾਨਕ ਭਾੜੇ ਦੇ ਗੁੰਡਿਆਂ ਦੁਆਰਾ ਸਖ਼ਤ ਜਬਰ ਦਾ ਸਾਹਮਣਾ ਕਰਨਾ ਪੈਂਦਾ ਸੀ। 1980 ਵਿਆਂ ਦੇ ਅੱਧ ਵਿੱਚ ਫਿਰ ਬੇਜ਼ਮੀਨਿਆਂ ਵਲੋਂ ਜ਼ਮੀਨ ਦੇ ਮਾਲਕਾਂਨਾ ਹੱਕਾਂ ਲਈ ਅੰਦੋਲਨ ਉੱਠਿਆ, ਜਿਨ੍ਹਾਂ ਕੋਲ ਮਾਲਕੀ ਦਾ ਕੋਈ ਰਿਕਾਰਡ ਮੌਜੂਦ ਨਹੀਂ ਸੀ। ਅੰਦੋਲਨਕਾਰੀਆਂ ਨੇ ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਨ ਅਤੇ ਬੇਜ਼ਮੀਨਿਆਂ ਨੂੰ ਵਾਧੂ ਜ਼ਮੀਨ ਦੀ ਵੰਡ ਕਰਨ ਲਈ ਵੀ ਕਿਹਾ। 1988 ਵਿੱਚ ਇਸ ਖੇਤਰ ਦੇ ਕੋਟਖ਼ਰਾ ਵਿਖੇ ਹਜ਼ਾਰਾਂ ਬੇਜ਼ਮੀਨੇ ਲੋਕਾਂ ਨੇ ਜੰਗਲ ਦੀ ਜ਼ਮੀਨ ਤੇ ਕਬਜ਼ਾ ਕੀਤਾ, ਉਨ੍ਹਾਂ ਨੂੰ ਭਾਰੀ ਜਬਰ ਦਾ ਸਾਹਮਣਾ ਕਰਨਾ ਪਿਆ। ਪੁਲੀਸ, ਜੰਗਲਾਤ ਮਹਿਕਮਾ ਅਤੇ ਪੀ ਏ ਸੀ ਵੱਲੋਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ, ਤਸੀਹੇ ਦਿੱਤੇ ਗਏ ਅਤੇ ਬਲਾਤਕਾਰ ਕੀਤੇ ਗਏ।

ਲਖੀਮਪੁਰ ਖੀਰੀ ਦਾ ਵੀ ਮੁਸੀਬਤਾਂ ਭਰਿਆ ਇਤਿਹਾਸ ਰਿਹਾ ਹੈ। ਬੀਤੇ ਵਿੱਚ ਇਹ ਇਲਾਕਾ ਜੰਗਲਾਂ ਨਾਲ ਢਕਿਆ ਹੋਇਆ ਸੀ ਅਤੇ ਇੱਥੇ ਥਾਰੂ ਕਬੀਲੇ ਦੇ ਲੋਕ ਆਬਾਦ ਸਨ। ਜਿਵੇਂ ਕਿ ਇਕ ਨੋਟ ਵਿਚ ਸੁਮਾਂਤਾ ਬੈਨਰਜੀ ਨੇ ਜ਼ਿਕਰ ਕੀਤਾ ਹੈ ਕਿ ਉੱਤਰ ਪ੍ਰਦੇਸ਼ ਦੀ ਕਾਂਗਰਸ ਸਰਕਾਰ ਨੇ, ਸੂਬੇ ਦੇ ਪੂਰਬੀ ਜ਼ਿਲ੍ਹਿਆਂ ਦੇ ਬੇਜ਼ਮੀਨੇ ਮੁਜ਼ਾਰਿਆਂ ਨੂੰ ਲਖੀਮਪੁਰ ਦੇ ਜੰਗਲ ਸਾਫ਼ ਕਰਨ ਅਤੇ ਜ਼ਮੀਨਾਂ ਵਾਹੁਣ ਦਾ ਸੱਦਾ ਦਿੱਤਾ ਸੀ, ਉਨ੍ਹਾਂ ਵੱਲੋਂ ਵਾਹੀ ਜ਼ਮੀਨ ਤੇ ਉਨ੍ਹਾਂ ਨੂੰ ਕਬਜ਼ਾ ਦੇਣ ਦਾ ਵਾਅਦਾ ਕੀਤਾ ਸੀ। ਨਤੀਜੇ ਵਜੋਂ ਇਸ ਧਰਤੀ ਦੇ ਮੂਲ ਨਿਵਾਸੀ ਥਾਰੂ, ਉਨ੍ਹਾਂ ਦੀਆਂ ਰਵਾਇਤੀ ਬਸਤੀਆਂ ਵਿਚੋਂ ਬਾਹਰ ਕੱਢ ਦਿੱਤੇ ਗਏ। ਇਸ ਦੌਰਾਨ ਜਿਵੇਂ ਕਿ ਪੂਰਬੀ ਉੱਤਰ ਪ੍ਰਦੇਸ਼ ਦੇ ਨਵੇਂ ਪਰਵਾਸੀ ਜਿਨ੍ਹਾਂ ਨੇ ਜੰਗਲ ਸਾਫ਼ ਕੀਤੇ ਅਤੇ ਜ਼ਮੀਨਾਂ ਵਾਹੀਯੋਗ ਬਣਾਈਆਂ, ਉਨ੍ਹਾਂ ਵਿੱਚੋਂ ਬਹੁਤ ਥੋੜ੍ਹਿਆਂ ਨੂੰ ਹੀ ਵਾਅਦੇ ਮੁਤਾਬਕ ਜ਼ਮੀਨਾਂ ਮਿਲੀਆਂ। ਇਨ੍ਹਾਂ ਵਿੱਚੋਂ ਕੁਝ ਨਵੀਆਂ ਆਬਾਦ ਕੀਤੀਆਂ ਖੇਤੀ ਜ਼ਮੀਨਾਂ, ਜ਼ਬਰਦਸਤੀ ਜਾਂ ਹਾਕਮ ਪਾਰਟੀ ਨਾਲ ਸਬੰਧਾਂ ਕਰਕੇ, ਗੁਆਂਢੀ ਖੇਤਰਾਂ ਵਿਚ ਅਮੀਰ ਭੂਮੀਪਤੀਆਂ ਨੇ ਕਬਜ਼ੇ ਵਿੱਚ ਲੈ ਲਈਆਂ। ਪਰਵਾਸੀ ਮੁਜ਼ਾਰਿਆਂ ਨੂੰ ਹਿੱਸੇ ਤੇ ਜਾਂ ਖੇਤ ਮਜ਼ਦੂਰ ਦੇ ਤੌਰ ਤੇ ਇਨ੍ਹਾਂ ਵੱਡੇ ਜ਼ਮੀਨ ਮਾਲਕਾਂ ਵਾਸਤੇ ਕੰਮ ਕਰਨ ਲਈ ਮਜਬੂਰ ਕੀਤਾ ਗਿਆ। ਕੁਝ ਹੋਰ ਖੇਤੀ ਫਾਰਮ ਉੱਤਰ ਪ੍ਰਦੇਸ਼ ਦੀ ਕਾਂਗਰਸ ਸਰਕਾਰ ਵੱਲੋਂ, ਗੰਨੇ ਦੀ ਖੇਤੀ ਲਈ, ਸਨਅਤਕਾਰਾਂ ਦੇ ਹਵਾਲੇ ਕਰ ਦਿੱਤੇ ਗਏ ।

ਫ਼ਿਰਕੂ ਵੰਡ

ਹਾਲ ਹੀ ਦੇ ਸਾਲਾਂ ਵਿਚ ਜ਼ਮੀਨੀ ਸੰਘਰਸ਼ ਨੂੰ ਭਾਈਚਾਰਿਆਂ ਵਿਚ ਫ਼ਿਰਕੂ ਪਾੜਾ ਵਧਾਉਣ ਲਈ ਵਰਤਿਆ ਗਿਆ ਹੈ। ਹਾਕਮ ਧਿਰਾਂ ਬੇਜ਼ਮੀਨੇ ਹਲਵਾਹਕਾਂ ਨੂੰ ਜ਼ਮੀਨ ਦੇਣ ਦੇ ਮਾਮਲੇ ਵਿੱਚ ਅਤੇ ਜ਼ਮੀਨੀ ਸੁਧਾਰ ਲਾਗੂ ਕਰਨ ਵਿਚ ਅਸਫਲ ਰਹੀਆਂ ਹਨ। ਜ਼ਮੀਨੀ ਸੁਧਾਰ, ਜਿਨ੍ਹਾਂ ਦਾ ਮਕਸਦ ਮੁਜ਼ਾਰਿਆਂ ਨੂੰ ਤਾਕਤਵਰ ਕਰਨਾ ਸੀ, ਨੇ ਵੱਡੇ ਜ਼ਮੀਨ ਮਾਲਕਾਂ ਨੂੰ ਤਾਕਤਵਰ ਕੀਤਾ ਅਤੇ ਮੁਜ਼ਾਰਿਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਤੋਂ ਬੇਦਖ਼ਲ ਕੀਤਾ ਗਿਆ। ਆਸ਼ੀਸ਼ ਮਿਸ਼ਰਾ ਮੋਨੂੰ, ਆਉਣ ਵਾਲੀਆਂ ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਾਸਤੇ ਟਿਕਟ ਦਾ ਚਾਹਵਾਨ ਹੈ ਅਤੇ ਉਹ ਧਾਰਮਿਕ, ਸਮਾਜਿਕ ਅਤੇ ਆਰਥਿਕ ਵਖਰੇਵਿਆਂ ਨੂੰ ਵਰਤਦੇ ਹੋਏ, ਉਮੀਦਵਾਰੀ ਵਾਸਤੇ ਆਪਣਾ ਦਾਅਵਾ ਕਰ ਰਿਹਾ ਹੈ। ਇਸ ਖੇਤਰ ਵਿੱਚ ਬੈਨਰ ਅਤੇ ਕੰਧ ਲਿਖਤਾਂ ਮੌਜੂਦ ਸਨ: "ਬਾਹਰੀ ਭਗਾਓ, ਪ੍ਰਾਂਤੀਐ ਲਾਓ" ਬਾਹਰਲਿਆਂ ਨੂੰ ਭਜਾ ਦਿਓ, ਇੱਥੋਂ ਦੇ ਸਥਾਨਕਾਂ ਦੀ ਮਦਦ ਕਰੋ। ਬੀਜੇਪੀ ਦਾ ਮੌਜੂਦਾ ਵਿਧਾਇਕ ਪਟੇਲ ਸ਼ਸ਼ਾਂਕ ਵਰਮਾ ਹੈ ਜਿਸ ਦਾ ਪਿਤਾ 2017 ਦੀਆਂ ਚੋਣਾਂ ਜਿੱਤਿਆ ਸੀ, ਪਰ 2018 ਵਿੱਚ ਮਰ ਗਿਆ ਸੀ। ਉਪ ਚੋਣਾਂ ਵਿਚ ਉਸ ਦਾ ਪੁੱਤਰ ਇਸ ਸੀਟ ਤੋਂ ਜਿੱਤਿਆ ਸੀ। ਇਹ ਪਰਿਵਾਰ ਗੋਲਾ ਗੋਕਰਨ ਨਾਥ ਤਹਿਸੀਲ ਦੇ ਪਿੰਡ ਭੀਖਮਪੁਰ ਤੋਂ ਹੈ। ਇਸ ਲਈ ਇਹ ਨਿਘਾਸਨ ਤੋਂ ਸਥਾਨਕ (ਲੋਕਲ) ਨਹੀਂ ਹੈ। ਮੋਨੂੰ ਸਥਾਨਕ ਦੇ ਤੌਰ ਤੇ ਆਪਣੀ ਉਮੀਦਵਾਰੀ ਦਾ ਦਾਅਵਾ ਕਰ ਰਿਹਾ ਹੈ ਅਤੇ ਸ਼ਰ੍ਹੇਆਮ ਕਹਿ ਰਿਹਾ ਹੈ ਕਿ ਸਥਾਨਕਾਂ ਵਾਸਤੇ ਬਾਹਰੀ ਕੱਢ ਦੇਣੇ ਚਾਹੀਦੇ ਹਨ।

ਸਥਾਨਕ-ਬਾਹਰੀ ਵੰਡ ਦਾ ਇੱਕ ਹੋਰ ਪਾੜਾ ਪਾਊ ਪਹਿਲੂ ਹੈ। ਕਥਿਤ ਤੌਰ ਤੇ ਮੋਨੂੰ ਕਹਿ ਰਿਹਾ ਹੈ ਕਿ ਉਹ ਪੱਗੜੀ ਵੋਟਾਂ ਤੇ ਨਿਰਭਰ ਨਹੀਂ ਹੈ। ਜੇ ਉਹ ਤਾਕਤ ਵਿਚ ਆਇਆ ਤਾਂ ਉਹ ਸਿੱਖ ਕਿਸਾਨਾਂ ਦੀਆਂ ਵਾਧੂ ਜ਼ਮੀਨਾਂ, ਬੇਜ਼ਮੀਨਿਆਂ ਨੂੰ ਵੰਡ ਦੇਵੇਗਾ ਜਿਵੇਂ ਕਿ "ਮੋਦੀ ਜੀ ਭੁੱਖਿਆਂ ਨੂੰ ਭੋਜਨ ਵੰਡ ਰਹੇ ਹਨ" । ਸਿੱਖਾਂ ਦੇ ਹਵਾਲੇ ਨਾਲ ਕੁਝ ਸਥਾਨਕ ਲੋਕ ਜਿਨ੍ਹਾਂ ਨਾਲ ਟੀਮ ਨੇ ਗੱਲਬਾਤ ਕੀਤੀ ਕਿਹਾ ਕਿ ਸਿੱਖਾਂ ਨੇ ਜ਼ਮੀਨਾਂ ਦਾ ਵੱਡਾ ਹਿੱਸਾ ਇਕੱਠਾ ਕੀਤਾ ਹੈ। ਜਿਸ ਨਾਲ ਸਥਾਨਕ ਲੋਕ ਬੇਜ਼ਮੀਨੇ ਅਤੇ ਗ਼ਰੀਬ ਹੋਏ ਹਨ। ਉਨ੍ਹਾਂ ਕੋਲ ਵੱਡੀਆਂ ਕਾਰਾਂ ਹਨ ਅਤੇ ਉਹ ਹਾਵੀ ਹੋਣਾ ਚਾਹੁੰਦੇ ਹਨ। ਸਪਸ਼ਟ ਤੌਰ ਤੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨ ਦੇਣ ਦੇ ਰਾਜ ਦੇ ਅਧੂਰੇ ਵਾਅਦੇ ਨੂੰ, ਇਕ ਨਵੇਂ ਵਾਅਦੇ ਨਾਲ ਦੁਬਾਰਾ ਲਿਆਂਦਾ ਜਾ ਰਿਹਾ ਹੈ ਕਿ ਬਾਹਰੀ ਕਿਸਾਨਾਂ ਨੂੰ ਖੇਤਰ ਵਿੱਚੋਂ ਬਾਹਰ ਕੱਢ ਕੇ ਉਨ੍ਹਾਂ ਦੀਆਂ ਜ਼ਮੀਨਾਂ ਖੋਹ ਲਈਆਂ ਜਾਣਗੀਆਂ। ਪਹਿਲੇ ਜ਼ਮੀਨੀ ਸੰਘਰਸ਼ਾਂ ਨੇ ਕਿਸਾਨਾਂ ਨੂੰ ਭੂਮੀ ਸੁਧਾਰਾਂ ਲਈ ਲਾਮਬੰਦ ਕੀਤਾ ਸੀ। ਅਜੋਕੇ ਸਮੇਂ ਦੀ ਲਾਮਬੰਦੀ ਫ਼ਿਰਕੂ ਲੀਹਾਂ ਤੇ ਹੈ।

ਸਿੱਖ ਕਿਸਾਨ ਵੱਖਵਾਦੀ ਖਾਲਿਸਤਾਨੀਆਂ ਦੇ ਹਮਾਇਤੀ ਹਨ, ਇਹ ਇਕ ਐਸਾ ਪ੍ਰਵਚਨ ਹੈ ਜਿਸ ਨੂੰ ਚੱਲ ਰਹੇ ਕਿਸਾਨ ਸੰਘਰਸ਼ ਦੇ ਅਪਰਾਧੀਕਰਨ ਲਈ, ਵਾਰ ਵਾਰ ਖੜ੍ਹਾ ਕੀਤਾ ਜਾਂਦਾ ਹੈ ਅਤੇ ਕਿਸਾਨਾਂ ਵਿਰੁੱਧ ਹਿੰਸਾ ਅਤੇ ਨਫ਼ਰਤ ਪੈਦਾ ਕੀਤੀ ਜਾਂਦੀ ਹੈ। 1980 ਵਿਆਂ ਤੋਂ 90 ਵਿਆਂ ਦੇ ਮੁੱਢਲੇ ਦੌਰ ਵਿਚ, ਇਸ ਇਲਾਕੇ ਦੇ ਸਿੱਖਾਂ ਦੇ ਗ਼ੈਰ ਨਿਆਇਕ ਕਤਲਾਂ ਦਾ ਕਾਲਾ ਇਤਿਹਾਸ ਰਿਹਾ ਹੈ। ਨਾਲ ਲੱਗਦੇ ਪੀਲੀਭੀਤ ਇਲਾਕੇ ਵਿਚ 12 ਜੁਲਾਈ, 1991 ਨੂੰ, ਪੁਲੀਸ ਨੇ ਸਿੱਖ ਤੀਰਥ ਯਾਤਰੀਆਂ ਨਾਲ ਭਰੀ ਬੱਸ ਰੋਕੀ ਅਤੇ ਮਰਦ ਯਾਤਰੀਆਂ ਨੂੰ ਹੇਠਾਂ ਉਤਰਨ ਲਈ ਕਿਹਾ। ਚਾਰਜਸ਼ੀਟ ਮੁਤਾਬਕ ਉਨ੍ਹਾਂ ਨੂੰ ਦੋ ਗਰੁੱਪਾਂ ਵਿੱਚ ਵੰਡਕੇ, ਜੰਗਲ ਦੇ ਵੱਖ ਵੱਖ ਇਲਾਕਿਆਂ ਵਿਚ ਲਿਜਾਕੇ, ਕਤਲ ਕਰ ਦਿੱਤਾ ਗਿਆ। ਜਦੋਂ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਨੇੜੇ ਦੇ ਗੁਰਦੁਆਰੇ ਵਿੱਚ ਰੱਖਿਆ ਗਿਆ। ਪੁਲੀਸ ਨੇ ਦਾਅਵਾ ਕੀਤਾ ਸੀ ਕਿ 11 ਖ਼ਾਲਿਸਤਾਨੀ ਮਾਰੇ ਗਏ ਹਨ। ਪੁਲੀਸ ਦਾ ਦਾਅਵਾ ਸੀ ਕਿ ਬੱਸ ਵਿੱਚ ਕੁਝ ਸਿੱਖਾਂ ਤੇ ਅਪਰਾਧਿਕ ਮੁਕੱਦਮੇ ਸਨ ਅਤੇ ਉਨ੍ਹਾਂ ਕੋਲ ਹਥਿਆਰ ਸਨ। 25 ਸਾਲਾਂ ਬਾਅਦ, ਅਪ੍ਰੈਲ 2016 ਨੂੰ ਅਦਾਲਤ ਨੇ ਫੈਸਲਾ ਸੁਣਾਇਆ ਕਿ ਪੁਲੀਸ ਵਾਲੇ ਝੂਠੇ ਮੁਕਾਬਲੇ ਵਾਸਤੇ ਦੋਸ਼ੀ ਹਨ। ਸੁਪਰੀਮ ਕੋਰਟ ਦੇ ਹੁਕਮਾਂ ਤੇ ਸੀਬੀਆਈ ਨੇ ਜਾਂਚ ਕੀਤੀ ਅਤੇ ਕਿਹਾ ਕਿ ਇਨ੍ਹਾਂ ਕਤਲਾਂ ਪਿੱਛੇ ਅਤਿਵਾਦੀਆਂ ਨੂੰ ਮਾਰਨ ਵਜੋਂ ਮਾਨਤਾ ਲੈਣ ਅਤੇ ਇਨਾਮ ਹਾਸਲ ਕਰਨ ਦਾ ਇਰਾਦਾ ਸੀ। 57 ਪੁਲੀਸ ਵਾਲੇ ਦੋਸ਼ੀ ਸਾਬਤ ਹੋਏ ਅਤੇ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਦੁਆਰਾ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ। ਇਨ੍ਹਾਂ ਝੂਠੇ ਪੁਲੀਸ ਮੁਕਾਬਲਿਆਂ ਤੋਂ ਬਾਅਦ ਬੇਹੱਦ ਫਿਰਕੂ ਸਥਾਨਕ ਮੀਡੀਏ ਨੇ ਸਿੱਖ ਦਹਿਸ਼ਤਗਰਦੀ ਬਾਰੇ ਰਿਪੋਰਟਾਂ ਦਿੱਤੀਆਂ ਅਤੇ ਉਸ ਵੇਲੇ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੇ ਸਜ਼ਾਵਾਂ ਲਈ ਉਪਜਾਊ ਵਾਤਾਵਰਨ ਤਿਆਰ ਕਰਦੇ ਹੋਏ ਅਤਿਵਾਦ ਨਾਲ ਸਖ਼ਤੀ ਨਾਲ ਸਿੱਝਣ ਦੇ ਆਦੇਸ਼ ਦਿੱਤੇ।

ਅਜੈ ਮਿਸ਼ਰਾ ਅਤੇ ਉਸ ਦਾ ਪੁੱਤਰ ਇਕ ਵਾਰ ਫਿਰ ਝੂਠ ਫੈਲਾਉਂਦੇ ਹਨ ਅਤੇ ਕਿਸਾਨਾਂ ਵਿਰੁੱਧ ਨਫ਼ਰਤ ਭੜਕਾਉਂਦੇ ਹਨ। ਮੰਤਰੀ ਮਿਸ਼ਰਾ ਕਹਿੰਦਾ ਹੈ ਕਿ ਕਿਸਾਨਾਂ ਦੇ ਨਾਂ ਤੇ ਖ਼ਾਲਿਸਤਾਨੀ ਸਰਗਰਮ ਹਨ ਅਤੇ ਕਿਸਾਨੀ ਅੰਦੋਲਨ ਵਿੱਚ ਬੱਬਰ ਖ਼ਾਲਸਾ ਦੇ ਵੱਖਵਾਦੀ ਦਾਖ਼ਲ ਹੋ ਚੁੱਕੇ ਹਨ। ਉਨ੍ਹਾਂ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਕਈ ਅਤਿਵਾਦੀ ਜਥੇਬੰਦੀਆਂ ਜਿਵੇਂ ਕਿ ਬੱਬਰ ਖ਼ਾਲਸਾ ਸ਼ੁਰੂ ਤੋਂ ਹੀ ਅਮਨ ਕਾਨੂੰਨ ਵਿੱਚ ਵਿਘਨ ਪਾਉਣ ਲਈ ਕਿਸਾਨ ਅੰਦੋਲਨ ਵਿੱਚ ਸ਼ਾਮਲ ਹਨ।

ਲਖੀਮਪੁਰ ਖੀਰੀ ਕਤਲੇਆਮ ਦੇ ਸਮੇਂ ਦਾ ਵੇਰਵਾ

ਸਤੰਬਰ 20

- **ਸੀਤਾਪੁਰ ਮਹਾਂਪੰਚਾਇਤ**

ਉੱਤਰ ਪ੍ਰਦੇਸ਼ ਚੋਣਾਂ ਤੋਂ ਪਹਿਲਾਂ, ਦੇਸ਼ ਵਿਆਪੀ ਕਿਸਾਨ ਅੰਦੋਲਨ ਨੂੰ ਮਜ਼ਬੂਤ ਕਰਨ ਅਤੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ, ਕਿਸਾਨਾਂ ਦੇ ਸਮੂਹ ਸੰਯੁਕਤ ਕਿਸਾਨ ਮੋਰਚੇ (ਐਸ ਕੇ ਐਮ) ਵੱਲੋਂ, ਸੀਤਾਪੁਰ ਜ਼ਿਲ੍ਹੇ ਦੇ ਆਰਐਮਪੀ ਇੰਟਰ ਕਾਲਜ ਵਿਚ ਕਿਸਾਨ ਮਹਾਂ ਪੰਚਾਇਤ ਕੀਤੀ ਗਈ। ਸੀਤਾਪੁਰ, ਸ਼ਾਹਜਹਾਂਪੁਰ,, ਲਖਨਊ, ਬਰੇਲੀ, ਹਰਦੋਈ, ਬਾਰਾਬੰਕੀ, ਬਲੀਆ, ਪੀਲੀਭੀਤ, ਬਹਿਰਾਈਚ ਅਤੇ ਲਖੀਮਪੁਰ ਖੀਰੀ ਤੋਂ ਲਗਪਗ 25000-30000 ਕਿਸਾਨ ਰੈਲੀ ਵਿੱਚ ਸ਼ਾਮਲ ਹੋਏ। ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦੇ ਨੇਤਾ ਰੈਲੀ ਵਿਚ ਸ਼ਾਮਲ ਹੋਏ ਅਤੇ ਸਭਾ ਨੂੰ ਸੰਬੋਧਨ ਕੀਤਾ।

ਇਹ ਮਹਾਂ ਪੰਚਾਇਤ ਇਸ ਖਿੱਤੇ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਇਕੱਠ ਸੀ।

ਸਤੰਬਰ 25

- ਕ੍ਰਾਂਤੀਕਾਰੀ ਕਿਸਾਨ ਯੂਨੀਅਨ (ਕੇ ਕੇ ਯੂ) ਅਤੇ ਭਾਰਤੀ ਕਿਸਾਨ ਯੂਨੀਅਨ (ਬੀ ਕੇ ਯੂ) ਦੇ ਮੈਂਬਰਾਂ ਨੇ, ਪਲੀਆ ਖੇਤਰ ਵਿਖੇ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਕਾਲੀਆਂ ਝੰਡੀਆਂ ਵਿਖਾਉਂਦੇ ਹੋਏ ਮੁਜ਼ਾਹਰਾ ਕੀਤਾ।
- ਟੈਨੀ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹੋਏ ਜੁਆਬ ਦੇਂਦਾ ਹੈ ਅਤੇ ਚਲਦੀ ਕਾਰ ਵਿੱਚ ਅੰਗੂਠਾ ਹੇਠਾਂ ਕਰਨ ਦਾ ਇਸ਼ਾਰਾ ਕਰਦਾ ਹੈ।
- ਪਹਿਲਾਂ, ਦਿਨ ਦੇ ਸਮੇਂ ਅੰਦੋਲਨਕਾਰੀਆਂ ਦੇ ਹਵਾਲੇ ਨਾਲ ਟੈਨੀ ਨੇ ਬੀਜੇਪੀ ਦੇ ਕਾਰ ਸੇਵਕਾਂ ਦੇ ਇਕੱਠ ਨੂੰ ਸੰਬੋਧਨ ਕੀਤਾ। ਉਸਨੂੰ ਇਹ ਕਹਿੰਦੇ ਸੁਣਿਆ ਗਿਆ, 'ਮੈਂ ਇਨ੍ਹਾਂ ਲੋਕਾਂ ਨੂੰ ਇੱਕ ਗੱਲ ਕਹਿਣਾ ਚਾਹੁੰਦਾ ਹਾਂ, ਖ਼ੁਦ ਹੀ ਸੁਧਰ ਜਾਓ ਜਾਂ ਫਿਰ ਅਸੀਂ ਤੁਹਾਨੂੰ ਦੋ ਮਿੰਟਾਂ ਵਿੱਚ ਅਨੁਸ਼ਾਸਨ 'ਚ ਲੈ ਆਵਾਂਗੇ। ਮੈਂ ਸਿਰਫ ਮੰਤਰੀ ਨਹੀਂ ਹਾਂ, ਜਿਹੜੇ ਮੈਨੂੰ ਜਾਣਦੇ ਹਨ ਉਹ ਇਹ ਵੀ ਜਾਣਦੇ ਹੋਣਗੇ ਕਿ ਮੈਂ ਵੰਗਾਰਾਂ ਤੋਂ ਭੱਜਣ ਵਾਲਾ ਨਹੀਂ ਹਾਂ ਤੁਹਾਨੂੰ ਲਖੀਮਪੁਰ ਛੱਡਣਾ ਪਏਗਾ।'
- ਕਿਸਾਨ ਨੇਤਾ ਤਜਿੰਦਰ ਸਿੰਘ ਵਿਰਕ ਨੇ ਟੈਨੀ ਦੀ ਧਮਕੀ ਦੇ ਜੁਆਬ ਵਿਚ ਵੀਡੀਓ ਜਾਰੀ ਕਰਦੇ ਹੋਏ ਕਿਹਾ, 'ਅਸੀਂ ਕਿਸਾਨ ਹਾਂ। ਜਦੋਂ ਵੀ ਤੂੰ ਚਾਹੇਂ ਜਿੱਥੇ ਵੀ ਤੂੰ ਚਾਹੁੰਦਾ ਏਂ ਅਸੀਂ ਪਹੁੰਚ ਜਾਵਾਂਗੇ।' ਵਿਰਕ ਸੰਯੁਕਤ ਕਿਸਾਨ ਮੋਰਚੇ (ਐੱਸਕੇਐੱਮ) ਉੱਤਰ ਪ੍ਰਦੇਸ਼ ਦਾ ਕੋਆਰਡੀਨੇਟਰ, ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦਾ ਕੋਰ ਕਮੇਟੀ ਮੈਂਬਰ ਅਤੇ ਤਰਾਈ ਕਿਸਾਨ ਸੰਗਠਨ, ਕਿਸਾਨ ਜਥੇਬੰਦੀ ਦਾ ਕੌਮੀ ਪ੍ਰਧਾਨ ਹੈ।
- ਇਸ ਦੇ ਬਾਅਦ 3 ਅਕਤੂਬਰ ਨੂੰ ਅਜੈ ਕੁਮਾਰ ਟੈਨੀ ਅਤੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਵੱਲੋਂ ਸਰਕਾਰੀ ਸਕੀਮਾਂ ਦਾ ਉਦਘਾਟਨ ਕਰਨ ਮੌਕੇ, ਸੰਯੁਕਤ ਕਿਸਾਨ ਮੋਰਚੇ (ਐਸ ਕੇ ਐਮ) ਨੇ ਮੁਜ਼ਾਹਰਾ ਕਰਨ ਦਾ ਸੱਦਾ ਦਿੱਤਾ । ਮੌਰੀਆ ਨੇ ਟੈਨੀ ਪਰਿਵਾਰ ਵੱਲੋਂ ਕਰਵਾਏ ਜਾਣ ਵਾਲੇ ਦੰਗਲ (ਕੁਸ਼ਤੀ ਮੁਕਾਬਲੇ) ਦਾ ਉਦਘਾਟਨ ਕਰਨ ਲਈ ਬਨਵੀਰ ਪੁਰ ਪਿੰਡ ਪਹੁੰਚਣਾ ਸੀ। ਉਪ ਮੁੱਖ ਮੰਤਰੀ ਅਤੇ ਮੰਤਰੀ ਨੇ ਹੈਲੀਕਾਪਟਰ ਰਾਹੀਂ ਤਿਕੁਨੀਆ ਵਿਖੇ ਉਤਰਨਾ ਸੀ। ਇਸ ਲਈ ਤਿਕੁਨੀਆ ਵਿਖੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਕਾਲੇ ਝੰਡਿਆਂ ਨਾਲ ਪੁਰਅਮਨ ਢੰਗ ਨਾਲ ਕੀਤਾ ਜਾਣ ਵਾਲਾ ਰੋਸ ਵਿਖਾਵਾ ਰੱਖਿਆ ਗਿਆ ਸੀ।

ਅਕਤੂਬਰ 2:

ਉੱਤਰ ਪ੍ਰਦੇਸ਼ ਪੁਲੀਸ ਨੇ ਤਿਕੁਨੀਆ ਦੀ ਫਿਰਨੀ ਦੀ ਘੇਰਾਬੰਦੀ ਕਰ ਲਈ ਸੀ। ਰੋਸ ਵਿਖਾਵੇ ਦੀ ਜਗ੍ਹਾ ਹੈਲੀਪੈਡ ਦੇ ਕੋਲ ਸੀ ਜਿੱਥੇ ਉਸ ਦੁਪਹਿਰ ਬਾਅਦ ਉਪ ਮੁੱਖ ਮੰਤਰੀ ਮੌਰੀਆ ਦਾ ਹੈਲੀਕਾਪਟਰ ਉਤਰਨਾ ਸੀ। ਇੱਥੇ ਵਿਖਾਵਾ ਕਰ ਰਹੇ ਕਿਸਾਨਾਂ ਵਾਲੇ ਰਾਹ ਤੋਂ ਬਿਨਾਂ ਵੀ, ਪ੍ਰੋਗਰਾਮ ਵਾਲੀ ਥਾਂ ਤੇ ਪਹੁੰਚਣ ਵਾਸਤੇ ਬਦਲਵੇਂ ਰਸਤੇ ਮੌਜੂਦ ਸਨ।

- 2 ਅਕਤੂਬਰ ਨੂੰ ਸੋਧਿਆ ਹੋਇਆ ਸੂਚਨਾ ਪੱਤਰ ਵੀ ਜਾਰੀ ਕੀਤਾ ਗਿਆ ਜਿਸ ਅਨੁਸਾਰ ਉਪ ਮੁੱਖ ਮੰਤਰੀ 3 ਅਕਤੂਬਰ ਨੂੰ ਹੈਲੀਕਾਪਟਰ ਰਾਹੀਂ ਲਖਨਊ ਤੋਂ ਲਖੀਮਪੁਰ ਖੀਰੀ ਦੀ ਯਾਤਰਾ ਨਹੀਂ ਕਰਨਗੇ। ਇਸ ਦੀ ਥਾਂ ਉਹ ਕਾਰ ਰਾਹੀਂ ਸੜਕ ਰਸਤੇ ਜਾਣਗੇ। ਹਾਲਾਂਕਿ ਉੱਤਰ ਪ੍ਰਦੇਸ਼ ਦੇ ਪੁਲੀਸ ਵਿਭਾਗ ਨੇ ਇਸ ਸੂਚਨਾ ਦੀ ਕਿਸਾਨਾਂ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਸੀ ਜਿਹੜੇ ਕਿ ਹੋਣ ਵਾਲੇ ਵਿਰੋਧ ਪ੍ਰਦਰਸ਼ਨਾਂ ਸਬੰਧੀ ਸੁਚੇਤ ਸਨ।
- ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਯਾਤਰਾ ਦੀ ਬਦਲੀ ਹੋਈ ਯੋਜਨਾ ਦਾ ਦਸਤਾਵੇਜ਼ ਇਸ ਰਿਪੋਰਟ ਵਿੱਚ ਹੋਰ ਜਗ੍ਹਾ ਦਿੱਤਾ ਗਿਆ ਹੈ

ਅਕਤੂਬਰ 3:

ਤਿਕੁਨੀਆ ਫਿਰਨੀ ਦੀ ਨਾਕਾਬੰਦੀ ਕਾਰਨ ਰੋਸ ਵਿਖਾਵੇ ਵਾਲੀ ਜਗ੍ਹਾ ਪਹੁੰਚਣ ਲਈ ਕਿਸਾਨਾਂ ਨੇ ਪਿਛਲਾ ਰਸਤਾ ਵਰਤਿਆ- ਪਿਛਲੇ ਪਾਸੇ ਜਾਂ ਸੜਕ ਦੇ ਖੱਬੇ ਪਾਸੇ ਆਪਣੇ ਸਾਧਨ ਖੜ੍ਹੇ ਕੀਤੇ।

9:30 ਵਜੇ ਸਵੇਰੇ:

ਫੇਸਬੁੱਕ ਲਾਈਵ ਸ਼ੁਰੂ ਹੋ ਗਿਆ। ਮੁੱਖ ਸੜਕ ਨੂੰ ਖਾਲੀ ਰੱਖਣ ਦੇ ਵਾਰ ਵਾਰ ਐਲਾਨ ਹੋ ਰਹੇ ਸਨ ਤਾਕਿ ਆਵਾਜਾਈ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਾ ਹੋਵੇ। ਪਲੀਆ, ਭੀਰਾ, ਬਿਜੂਆ, ਖਜੂਰੀਆ ਅਤੇ ਸੰਪੂਰਨਾ ਨਗਰ ਤੋਂ ਆਏ ਕਿਸਾਨ ਤਿਕੁਨੀਆ 'ਚ ਇਕੱਠੇ ਹੋਏ ਸਨ ।

ਵੱਡੀ ਗਿਣਤੀ ਵਿਚ ਹਾਜ਼ਰ ਪੁਲੀਸ ਦੇ ਆਦਮੀ ਪ੍ਰਦਰਸ਼ਨਕਾਰੀਆਂ ਦੇ ਨਾਲ ਮੌਜੂਦ ਸਨ ਜੋ ਕਿ ਨਾਅਰੇ ਲਾਉਂਦੇ ਅਤੇ ਕਾਲੇ ਝੰਡੇ ਲਹਿਰਾਉਂਦੇ ਹੋਏ ਸ਼ਾਂਤੀ ਪੂਰਵਕ ਬੈਠੇ ਅਤੇ ਚੱਲਦੇ ਦਿਖਾਈ ਦੇਂਦੇ ਸਨ

12:30 ਦੁਪਹਿਰ:

- ਗੁਰਨਾਮਜੀਤ ਮਾਂਗਟ ਨੇ ਉਸ ਮੈਦਾਨ ਵਿਚ ਦਾਖ਼ਲ ਹੋਣ ਦਾ ਐਲਾਨ ਕੀਤਾ ਜਿੱਥੇ ਹੈਲੀਪੈਡ ਬਣੀ ਹੋਈ ਸੀ

1:15 ਦੁਪਹਿਰ ਬਾਅਦ:

- ਵਿਰਕ ਨੇ ਮਾਰਚ ਦੀ ਅਗਵਾਈ ਕੀਤੀ ਅਤੇ ਹਜ਼ਾਰਾਂ ਵਿਖਾਵਾਕਾਰੀਆਂ ਨੇ ਹੈਲੀਪੈਡ ਨੂੰ ਘੇਰ ਕੇ ਕਬਜ਼ਾ ਕਰ ਲਿਆ। ਟਰਾਲੀ ਦੀ ਸਟੇਜ ਬਣਾ ਲਈ ਗਈ ।

- ਸਥਾਨਕ ਪ੍ਰਸ਼ਾਸਕੀ ਟੀਮ ਜਿਸ ਵਿਚ ਸੀਨੀਅਰ ਪੁਲੀਸ ਅਫ਼ਸਰ ਵੀ ਸ਼ਾਮਲ ਸਨ, ਹੈਲੀਪੈਡ ਵਾਲੇ ਮੈਦਾਨ ਵਿੱਚ ਪਹੁੰਚੀ।

- ਕਿਸਾਨ ਆਗੂਆਂ ਨੇ ਪ੍ਰਸ਼ਾਸਨ ਨੂੰ ਦੱਸਿਆ ਕਿ ਉਹ ਮੈਦਾਨ ਖਾਲੀ ਨਹੀਂ ਕਰਨਗੇ ਅਤੇ ਪੁਰ ਅਮਨ ਢੰਗ ਨਾਲ ਕਾਲੇ ਝੰਡਿਆਂ ਨਾਲ ਵਿਰੋਧ ਜਾਰੀ ਰੱਖਣਗੇ। ਉਨ੍ਹਾਂ ਨੇ ਗੱਲਬਾਤ ਕੀਤੀ ਅਤੇ ਹੇਠ ਲਿਖੇ ਹੱਲ ਤੇ ਪਹੁੰਚੇ:


੧. ਲਖਨਊ ਤੋਂ ਆਉਣ ਵਾਲਾ ਹੈਲੀਕਾਪਟਰ ਇਸ ਹੈਲੀਪੈਡ ਤੇ ਨਹੀਂ ਉਤਰੇਗਾ। ਉਪ ਮੁੱਖਮੰਤਰੀ ਮੌਰੀਆ ਅਤੇ ਹੋਰ ਮਹਿਮਾਨ ਜਿਹਨਾਂ ਨੂੰ ਅਜੈ ਮਿਸ਼ਰਾ ਟੇਨੀ ਨੇ ਦੰਗਲ ਵਾਸਤੇ ਸੱਦਿਆ ਹੈ, ਕਾਰ ਰਾਹੀਂ ਯਾਤਰਾ ਕਰਨਗੇ ਅਤੇ ਹੋਰ ਰਸਤੇ ਰਾਹੀਂ ਪ੍ਰੋਗਰਾਮ ਵਾਲੀ ਜਗ੍ਹਾ ਪਹੁੰਚਣਗੇ। ਉਹ ਉਸ ਰਸਤੇ ਰਾਹੀਂ ਬਨਵੀਰ ਪੁਰ ਨਹੀਂ ਦਾਖਲ ਹੋਣਗੇ ਜਿੱਥੇ ਕਿਸਾਨ ਰੋਸ ਵਿਖਾਵਾ ਕਰ ਰਹੇ ਹਨ।

੨. ਕਿਸਾਨ ਹੈਲੀਪੈਡ ਵਾਲੀ ਜਗ੍ਹਾ ਨਹੀਂ ਛੱਡਣਗੇ ਅਤੇ ਉਹ ਸਿਰਫ਼ ਇਸੇ ਇਲਾਕੇ 'ਚ ਹੀ ਰੋਸ ਵਿਖਾਵਾ ਕਰਨਗੇ। ਹੈਲੀਪੈਡ ਦੇ ਸਾਹਮਣੇ ਵਾਲੀ ਸੜਕ ਦੇ ਦੋਹੀਂ ਪਾਸੀਂ ਪੁਲੀਸ ਨੇ ਬੈਰੀਕੇਡ ਲਾਏ ਹੋਏ ਸਨ ਅਤੇ ਕਿਸਾਨਾਂ ਨੇ ਰੋਸ ਵਿਖਾਵਾ ਕਰਨ ਲਈ ਹੈਲੀਪੈਡ ਤੇ ਆਰਜ਼ੀ ਸਟੇਜ ਬਣਾਈ ਸੀ। ਸੜਕ ਦਾ ਹਿੱਸਾ ਜਿੱਥੇ ਦੋਹੀਂ ਪਾਸੀਂ ਬੈਰੀਕੇਡ ਲਾਏ ਹੋਏ ਸਨ ਲਗਪਗ 500 ਮੀਟਰ ਸੀ, ਜਿੱਥੇ 3000 ਤੋਂ ਵੱਧ ਕਿਸਾਨ ਇਕੱਠੇ ਹੋਏ ਸਨ। ਕਿਸਾਨ ਦੰਗਲ ਵਾਲੀ ਜਗ੍ਹਾ ਤੇ ਨਹੀਂ ਜਾਣਗੇ ਅਤੇ ਆਪਣੇ ਪ੍ਰਦਰਸ਼ਨ ਵਾਲੀ ਜਗ੍ਹਾ ਨਾ ਛੱਡਣ ਲਈ ਸਹਿਮਤ ਹੋ ਗਏ ਸਨ।

੩. ਦੋਹਾਂ ਸਮਾਗਮਾਂ ਦਾ ਸਮਾਪਤੀ ਸਮਾਂ, ਕੁਸ਼ਤੀਆਂ(ਦੰਗਲ) ਅਤੇ ਪ੍ਰਦਰਸ਼ਨ ਦਾ ਵੱਖ ਵੱਖ ਰੱਖਿਆ ਜਾਏਗਾ ਤਾਕਿ ਭੀੜ ਕਿਸੇ ਜਗ੍ਹਾ ਆਪਸ ਵਿੱਚ ਨਾ ਮਿਲੇ, ਅਤੇ ਕਿਸੇ ਵੀ ਥਾਂ ਝੜਪ ਦੀ ਸੰਭਾਵਨਾ ਤੋਂ ਬਚਾਅ ਕੀਤਾ ਗਿਆ। ਇਹ ਧਿਆਨ ਵਿੱਚ ਰੱਖਣ ਵਾਲੀ ਗੱਲ ਹੈ ਕਿ ਸਾਰੀ ਗੱਲਬਾਤ

ਦੌਰਾਨ ਪੁਲੀਸ ਪ੍ਰਸ਼ਾਸਨ ਨੇ ਸੋਧੀ ਹੋਈ ਯਾਤਰਾ ਸੂਚਨਾ ਦੀ ਜਾਣਕਾਰੀ ਕਿਸਾਨ ਆਗੂਆਂ ਨੂੰ ਨਹੀਂ ਦਿੱਤੀ। ਜਿਸ ਮੁਤਾਬਕ ਉਪ ਮੁੱਖ ਮੰਤਰੀ ਮੌਰੀਆ ਦੀ ਇਕ ਦਿਨ ਪਹਿਲਾਂ, ਉਸ ਹੈਲੀਪੈਡ ਤੇ ਉਤਰਨ ਦੀ ਯੋਜਨਾ ਬਦਲ ਦਿੱਤੀ ਗਈ ਸੀ। ਉਸ ਨੇ ਹੁਣ ਲਖਨਊ ਤੋਂ ਲਖੀਮਪੁਰ ਖੀਰੀ ਤਕ ਸੜਕ ਰਾਹੀਂ ਯਾਤਰਾ ਕਰਨੀ ਸੀ।

ਹੱਥ ਨਾਲ ਬਣਾਇਆ ਨਕਸ਼ਾ



ਇਹ ਨੋਟ ਕੀਤਾ ਜਾ ਸਕਦਾ ਹੈ ਕਿ ਨਿਘਾਸਨ ਤੋਂ ਬਨਵੀਰਪੁਰ ਆਉਣ ਵਾਸਤੇ ਦੋ ਰਾਹ ਹਨ, ਇੱਕ ਵਾਇਆ ਤਿਕੁਨੀਆ ਅਤੇ ਦੂਜਾ ਵਾਇਆ ਬੇਲਰਾਇਨ। ਅਜੈ ਮਿਸ਼ਰਾ ਨੇ ਆਪਣੇ ਪਿੰਡ ਪਹੁੰਚਣ ਲਈ ਬਦਲਵਾਂ ਰੂਟ ਵਾਇਆ ਬੇਲਰਾਇਨ ਵਰਤਿਆ। ਜਦੋਂ ਕਿ ਉਪ ਮੁੱਖ ਮੰਤਰੀ ਮੌਰੀਆ ਬਨਵੀਰਪੁਰ ਪਹੁੰਚਣ ਤੋਂ ਬਿਨਾਂ ਹੀ ਵਾਪਸ ਮੁੜ ਗਿਆ।

ਸ਼ਾਮ ਤਕਰੀਬਨ 3:00 ਵਜੇ

ਰੋਸ-ਪ੍ਰਦਰਸ਼ਨ ਖਤਮ ਕਰਨ ਬਾਅਦ ਕਿਸਾਨਾਂ ਨੇ 500 ਮੀਟਰ ਦੂਰ ਸਥਿਤ ਉਸ ਸਥਾਨ ਵੱਲ ਨੂੰ ਚਾਲੇ ਪਾ ਦਿਤੇ ਜਿਥੇ ਉਨ੍ਹਾਂ ਨੇ ਆਪਣੇ ਵਾਹਨ ਖੜ੍ਹੇ ਕੀਤੇ ਹੋਏ ਸਨ। ਚਸ਼ਮਦੀਦਾਂ ਦੇ ਦੱਸਣ ਅਨੁਸਾਰ, ਉਸ ਸਮੇਂ ਉਨ੍ਹਾਂ ਨੂੰ 200 ਤੋਂ ਵੀ ਵਧੇਰੇ ਪੁਲਿਸ ਮੁਲਾਜ਼ਮਾਂ ਨੇ ਘੇਰਿਆ ਹੋਇਆ ਸੀ।

-ਜਦੋਂ ਕਿਸਾਨ ਪੈਦਲ ਚੱਲ ਰਹੇ ਸਨ ਤਾਂ ਤਿੰਨ ਕਾਰਾਂ-ਇਕ ਥਾਰ, ਇਕ ਫਾਰਚੂਨਰ ਅਤੇ ਇਕ ਸਕੋਰਪੀਓ- ਪਿਛਲੇ ਪਾਸਿਉਂ ਬਹੁਤ ਤੇਜ਼ ਰਫਤਾਰ ‘ਤੇ ਆਂਉਂਦੀਆਂ ਹੋਈਆਂ ਪ੍ਰਦਰਸ਼ਨਕਾਰੀਆਂ ਨੂੰ ਕੁਚਲਦੀਆਂ ਹੋਈਆਂ (ਬਨਵੀਰਪੁਰ-ਤਿਕੋਨੀਆ ਸੜਕ ‘ਤੇ) ਅੱਗੇ ਲੰਘ ਗਈਆਂ । ਅੰਧਾਧੁੰਦ ਰਫਤਾਰ ‘ਤੇ ਚਲਾਈਆਂ ਜਾ ਰਹੀਆਂ ਇਹ ਕਾਰਾਂ -ਖਾਸ ਕਰ ਪਹਿਲੀਆਂ ਦੋ ਕਾਰਾਂ- ਨੇ ਉਸ ਰਸਤੇ “ਤੇ ਚੱਲ ਰਹੇ ਹਰ ਸ਼ਖਸ ਨੂੰ ਕੁਚਲ ਦਿੱਤਾ। ਵਿਰਕ , ਜੋ ਉਸ ਭੀੜ ਦੀ ਅਗਵਾਈ ਕਰ ਰਿਹਾ ਸੀ, ਵੀ ਪੱਤਰਕਾਰ ਰਮਨ ਦੇ ਨਾਲ ਨਾਲ ਇਸ ਗਰੁਪ ਵਿਚ ਚੱਲ ਰਿਹਾ ਸੀ।

ਥਾਰ ਕਾਰ ਨੇ ਸਭ ਤੋਂ ਪਹਿਲੀ ਟੱਕਰ 62 ਸਾਲਾ ਕਿਸਾਨ ਨਛੱਤਰ ਸਿੰਘ ਦੇ ਮਾਰੀ। ਉਹ ਮੌਕੇ ‘ਤੇ ਤਕਰੀਬਨ ਹੀ ਮਰ ਗਿਆ।

ਮਰਨ ਵਾਲੇ ਸਾਰੇ ਕਿਸਾਨ ਤੇ ਪੱਤਰਕਾਰ ਰਮਨ ਤੇਜਿੰਦਰ ਸਿੰਘ ਵਿਰਕ, ਜੋ ਖੁਦ ਬਹੁਤ ਬੁਰੀ ਤਰ੍ਹਾਂ ਜਖਮੀ ਹੋ ਗਿਆ ਸੀ, ਦੀ ਅਗਵਾਈ ਵਾਲੀ ਟੋਲੀ ਵਿਚੋਂ ਸਨ। ਇਸ ਬਿਲਕੁੱਲ ਸਪੱਸ਼ਟ ਗੱਲ ਹੈ ਕਿ ਅਸਲੀ ਮੰਤਵ ਕਿਸਾਨ ਆਗੂ ਤੇਜਿੰਦਰ ਸਿੰਘ ਵਿਰਕ ਨੂੰ ਕੁਚਲ ਕੇ ਮਾਰ ਦੇਣ ਦਾ ਸੀ।

ਜਿਵੇਂ ਕਿ ਵਿਡਿਉਜ਼ ਵਿਚ ਦੇਖਿਆ ਗਿਆ ਅਤੇ ਚਸ਼ਮਦੀਦਾਂ ਨੇ ਦੱਸਿਆ ਕਿ ਸੜਕ ਦੇ ਸਾਹਮਣੇ ਪਾਸਿਉਂ ਆ ਰਹੀ ਗੁਪਤਾ ਕੰਪਨੀ ਦੀ ਬੱਸ ਵੱਲੋਂ ਪਾਈ ਰੁਕਾਵਟ ਕਾਰਨ ਕੁਚਲ ਕੇ ਭੱਜ ਜਾਣ ਵਾਲੀ ਕਾਰਵਾਈ ਇੰਨੀ ਸੁਖਾਲੀ ਨਾ ਰਹੀ। ਤੇਜ਼ੀ ਨਾਲ ਇਸ ਵੱਲ ਆ ਰਹੇ ਤਿੰਨ ਵਾਹਨਾਂ ਕਾਰਨ ਬੱਸ ਡਰਾਈਵਰ ਚੌਂਕ ਗਿਆ। ਇਹ ਧਿਆਨ ਦੇਣ ਯੋਗ ਗੱਲ ਹੈ ਕਿ 500 ਮੀਟਰ ਸੜਕ ਦਾ ਇਹ ਟੋਟਾ ਬਹੁਤ ਤੰਗ ਹੈ ਅਤੇ ਆਸੇ-ਪਾਸੇ ਦੀ ਜ਼ਮੀਨ ਤੋਂ ਉਚਾਈ ‘ਤੇ ਹੈ ਅਤੇ ਪਿਛਲੇ ਦਿਨਾਂ ਵਿਚ ਪਈ ਬਾਰਿਸ਼ ਕਾਰਨ ਉਸ ਦਿਨ ਸੜਕ ਕੇ ਪਾਸਿਆਂ ‘ਤੇ ਪਾਣੀ ਖੜ੍ਹਾ ਸੀ।

ਬਹੁਤ ਤੇਜ਼ ਰਫਤਾਰ ਆ ਰਹੇ ਵਾਹਨਾਂ ਨੂੰ ਸੜਕ ਦੇ ਬਾਹਰਲੇ ਪਾਸਿਆਂ ਵੱਲ ਨੂੰ ਮੋੜਾ ਕੱਟਣਾ ਪਿਆ ਜਿਸ ਕਾਰਨ ਕਾਲੇ ਰੰਗ ਦੀ ਥਾਰ ਮਹਿੰਦਰਾ ਐਸਯੂਵੀ ਕਾਰ, ਟਾਇਰਾਂ ਹੇਠ ਆਏ ਬੰਦਿਆਂ ਕਾਰਨ, ਖੱਬੇ ਵਾਲੇ ਵੱਲ ਮੁੜ ਅਤੇ ਸਲਿਪ ਕਰ ਗਈ। ਪਰ ਪ੍ਰਦਰਸ਼ਨਕਾਰੀਆਂ ਨੂੰ ਟੱਕਰ ਮਾਰਨ ਤੋਂ ਬਾਅਦ ਅਤੇ ਕਾਰ ਦੇ ਸਲਿਪ ਹੋ ਜਾਣ ਤੋਂ ਚੰਦ ਪਲ ਪਹਿਲਾਂ, ਦੋ (ਅਣਪਛਾਤੇ) ਵਿਅਕਤੀ ਉਸ ਵਾਹਨ ਵਿਚੋਂ ਨਿਕਲ ਕੇ ਭੱਜਦੇ ਹੋਏ ਦੇਖੇ ਜਾ ਸਕਦੇ ਹਨ। ਤੇਜ਼ੀ ਨਾਲ ਇਸ ਥਾਰ ਕਾਰ ਦੇ ਪਿਛੇ ਆ ਰਹੀ ਫਾਰਚੂਨਰ ਕਾਰ ,ਸਿੱਧੀ ਟੱਕਰ ਵੱਜ ਜਾਣ ਤੋਂ ਬਚਾਅ ਕਰਦੀ ਹੋਈ ਸੱਜੇ ਪਾਸੇ ਵਲ ਮੋੜਾ ਕੱਟ ਗਈ ਅਤੇ ਸੜਕ ਦੇ ਬਾਹਰਲੇ ਪਾਸੇ ਵੱਲ ਨੂੰ ਸਲਿਪ ਕਰ ਗਈ। ਵਿਡਿਉਜ਼ ਦੇਖਣ ਤੋਂ ਪਤਾ ਚਲਦਾ ਹੈ ਕਿ ਲੋਕ ਦੂਸਰੀ ਕਾਰ ਦੇ ਟਾਇਰਾਂ ਹੇਠ ਵੀ ਆਏ ਹੋਏ ਸਨ। ਸੜਕ ਦੇ ਦੋਵੇਂ ਪਾਸੀਂ ਡਿਗੇ ਪਏ ਬਹੁਤ ਬੁਰੀ ਤਰ੍ਹਾਂ ਜਖਮੀ ਲੋਕਾਂ ਕਾਰਨ ਹਰ ਤਰਫ ਕੁਹਰਾਮ ਮੱਚਿਆ ਹੋਇਆ ਸੀ। ਇਸ ਵਕਤ ਗੋਲੀਆਂ ਵੀ ਚਲਾਈਆਂ ਗਈਆਂ। ਕੋਈ ਕਾਰਵਾਈ ਕਰਨ ਦੀ ਬਜਾਏ ਪੁਲਿਸ ਦੋਸ਼ੀਆਂ ਦੇ ਬਚ ਕੇ ਨਿਕਲ ਜਾਣ ਲਈ ਰਸਤਾ ਮੁਹੱਈਆ ਕਰਵਾਉਂਦੀ ਨਜ਼ਰ ਆਉਂਦੀ ਹੈ।



ਤੀਸਰਾ ਵਾਹਨ, ਸਕੋਰਪੀਉ ਕਾਰ, ਅੱਗੇ ਲੰਘਦੀ ਹੋਈ ਅਤੇ ਥਾਰ ਕਾਰ ਵਾਲੇ ਘਟਨਾਸਥਲ ਵੱਲ ਨੂੰ ਜਾ ਰਹੇ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਆਪਣੇ ਸਾਹਮਣੇ ਆਇਆ ਦੇਖ ਕੇ ਰੁਕਦੀ ਹੋਈ ਨਜ਼ਰ ਆਉਂਦੀ ਹੈ। ਇਹ ਕਾਰ ਪ੍ਰਦਰਸ਼ਨਕਾਰੀਆਂ ਦੇ ਇਸ ਗਰੁੱਪ ਦੇ ਅੱਗੇ ਲੰਘ ਜਾਣ ਤੱਕ ਰੁਕ ਕੇ ਇੰਤਜ਼ਾਰ ਕਰਦੀ ਹੈ। ਇਸ ਗਰੁੱਪ ਵਿਚੋਂ ਕੋਈ ਵੀ ਸ਼ਖਸ ਇਸ ਕਾਰ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਅਤੇ ਇਸ ਨੂੰ ਬੱਸ ਦੇ ਕੋਲੋਂ ਦੀ ਹੌਲੀ ਹੌਲੀ ਅੱਗੇ ਲੰਘਣ ਦੇ ਦਿਤਾ ਜਾਂਦਾ ਹੈ। ਪਹਿਲੀਆਂ ਦੋ ਕਾਰਾਂ, ਜੋ ਹੁਣ ਤੱਕ ਸਲਿੱਪ ਹੋ ਚੁੱਕੀਆਂ ਸਨ, ਨੂੰ ਉਲਟਾ ਕੇ ਮੁਧਾ ਕੀਤਾ ਜਾਂਦਾ ਹੈ ਤਾਂ ਜੋ ਇਨ੍ਹਾਂ ਇਨ੍ਹਾਂ ਦੇ ਟਾਇਰਾਂ ਹੇਠਾਂ ਆ ਹੋਏ ਬੰਦਿਆਂ ਨੂੰ ਬਾਹਰ ਕੱਢਿਆ ਜਾ ਸਕੇ। ਚਸਮਦੀਦਾਂ ਦੇ ਦੱਸਣ ਆਨੁਸਾਰ, ਮੂਧੇ ਕੀਤੇ ਜਾਣ ਤੋਂ ਬਾਅਦ ਹੀ ਇਨ੍ਹਾਂ ਕਾਰਾ ਨੂੰ ਅੱਗ ਲੱਗੀ (ਫੋਟੋ ਵਿਚ ਤੀਸਰੀ ਕਾਰ ਹੌਲੀ ਹੌਲੀ ਬੱਸ ਦੇ ਕੋਲੋਂ ਦੀ ਲੰਘ ਰਹੀ ਦਿਖ ਰਹੀ ਹੈ। ਦੂਸਰੀ ਕਾਰ ਸੜਕ ਦੇ ਸੱਜੇ ਪਾਸੇ ਉਲਟ ਕੇ ਅੱਗ ਵਿਚ ਸੜ ਰਹੀ ਹੈ)।

ਇਸ ਤੇਜ਼ ਰਫਤਾਰ ਕਾਰਾਂ ਦੇ ਕਾਫਲੇ 'ਚ ਸਵਾਰ ਤਿੰਨ ਬੰਦੇ ਇਸ ਐਕਸੀਡੈਂਟ ਵਿੱਚ ਜਖਮੀ ਹੋ ਗਏ। ਕਿਸਾਨਾਂ 'ਨੇ ਉਨ੍ਹਾਂ ਨੂੰ ਕੈਮਰੇ ਦੇ ਸਾਹਮਣੇ ਕਬੂਲ ਕਰਨ ਲਈ ਕਿਹਾ ਗਿਆ ਅਤੇ ਫਿਰ ਉਂਨ੍ਹਾਂ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਗਿਆ। ਵਿਡੀਓ ਵਿਚ ਇਕ ਪੁਲਿਸ ਅਧਿਕਾਰੀ, ਉਚੀ ਆਵਾਜ਼ 'ਚ ਸਪੀਕਰ ਲਾ ਕੇ ਉਸ ਦਾ ਬਿਆਨ ਰਿਕਾਰਡ ਕਰਦਾ ਹੋਇਆ ਵੀ ਦਿਖਾਈ ਦਿੰਦਾ ਹੈ ।

ਇਕ ਮਰ ਚੁੱਕੇ ਬੀਜੇਪੀ ਵਰਕਰ ਸਿਆਮ ਸੁੰਦਰ ਨਿਸ਼ਾਦ ਦੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਗਏ ਮਿਸਟਰ ਟੈਨੀ ਨੇ, ਉਥੇ ਇਸ ਗੱਲ ਦੀ ਪੁਸ਼ਟੀ ਕੀਤੀ ਸੀ ਕਿ ਕਿਸਾਨਾਂ ਨੇ ਹੀ ਉਸ ਨੂੰ ਪੁਲਿਸ ਦੇ ਹਵਾਲੇ ਕੀਤਾ ਸੀ ਅਤੇ ਵਿਡਿਉ ਵਿਚ ਵੀ ਉਹ ਆਦਮੀ ਪੈਦਲ ਚਲਦਾ ਹੋਇਆ ਦਿਖਾਈ ਦਿੰਦਾ ਹੈ। ਅਮਰ ਉਜਾਲਾ ਅਖਬਾਰ ਨੇ ਆਪਣੇ 17 ਅਕਤੂਬਰ 21 ਦੇ ਅੰਕ ਵਿਚ ਗ੍ਰਹਿ ਰਾਜ ਮੰਤਰੀ ਟੈਨੀ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ, ''

saying," **उन्होंने कहा कि श्याम सुंदर पुलिस के पास घायल अवस्था में थे, उनको एंबुलेंस से बाहर निकालकर मारा गया है।इस में जोपुलिस कर्मी दोषी हैं उनके खिलाफ भी सरकार जांच कराएगी जो भी दोषीहोंगे वह बख्शे नहीं जाएंगे "**

ਟੂਕ ਦਾ ਪੰਜਾਬੀ ਅਨੁਵਾਦ: ਟੈਨੀ ਨੇ ਕਿਹਾ ਕਿ ਪੁਲਿਸ ਦੀ ਹਿਰਾਸਤ ਵਿਚ ਸਿਆਂਮ ਸੁੰਦਰ ਜਖਮੀ ਹਾਲਤ ਵਿਚ ਸੀ, ਉਸ ਨੂੰ ਐਂਬੂਲੈਂਸ ਵਿਚੋਂ ਬਾਹਰ ਕੱਢ ਕੇ ਮਾਰਿਆ ਗਿਆ। ਇਸ ਲਈ ਜਿਹੜਾ ਵੀ ਪੁਲਿਸ ਅਧਿਕਾਰੀ ਜ਼ਿੰਮੇਵਾਰ ਹੈ, ਉਸ ਲਈ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀ ਨੂੰ ਸਖਤ ਸਜ਼ਾ ਦਿਤੀ ਜਾਵੇਗੀ।

ਵਧੇਰੇ ਵਿਸਥਾਰ ਵਿਚ ਪੜ੍ਹਨ ਲਈ ਹੇਠਾਂ ਕੁੱਝ ਇੰਟਰਨੈਟ ਲਿੰਕ ਦਿਤੇ ਜ ਰਹੇ ਹਨ।

Read more: https://www.amarujala.com/uttar-pradesh/lakhimpur-kheri/tikunia-case-minister-teni-said-there-will-be-a-cbi-investigation-of-the-careless-police-administration-lakhimpur-news-bly4632043139

ਇਸੇ ਪ੍ਰਕਾਰ ਡਰਾਈਵਰ ਹਰੀ ਓਮ ਮਿਸ਼ਰਾ ਦੀ ਮੌਤ ਵੀ ਕਈ ਸਵਾਲ ਖੜ੍ਹੇ ਕਰਦੀ ਹੈ ਕਿਉਂਕਿ ਕਾਨੂੰਨੀ ਮਾਹਰਾਂ ਦੀ ਰਾਏ ਦੇ ਹਵਾਲੇ ਨਾਲ ਅਖਬਾਰ ਦੈਨਿਕ ਭਾਸਕਰ ਨੇ ਲਿਖਿਆ ਹੈ ਕਿ ਉਸ ਦੀ ਮੌਤ ਅਸ਼ੀਸ਼ ਮਿਸ਼ਰਾ ਨੂੰ ਕਈ ਗੰਭੀਰ ਦੋਸ਼ਾਂ ਤੋਂ ਬਚਣ ਵਿਚ ਸਹਾਈ ਹੋ ਸਕਦੀ ਹੈ।

https://www.bhaskar.com/local/uttar-pradesh/lakhimpur-kheri/news/the-deceased-is-the-only-accused-in-the-lakhimpur-violence-son-of-minister-ajay-mishra-and-three-dead-made-accused-expert-said-script-to-save-ashish-mishra-started-being-written-along-with-the-fir-129003147.html

ਪੁਲਿਸ ਬਲ ਵੱਲੋਂ ਇਸ ਘਟਨਾ ਨੂੰ ਰੋਕਣ ਲਈ ਜਾਂ ਜਖਮੀਆਂ ਦੀ ਮਦਦ ਕਰਨ ਲਈ ਕਿਸੇ ਤਰ੍ਹਾਂ ਦੀ ਕੋਈ ਮੈਡੀਕਲ ਸਹੂਲਤ ਪ੍ਰਦਾਨ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ।

ਇਸ ਘਟਨਾ ਵਿਚ 8 ਮੌਤਾਂ ਹੋਈਆਂ ਜਿਨ੍ਹਾਂ ਵਿਚ 4 ਕਿਸਾਨ, 3 ਬੀਜੇਪੀ ਵਰਕਰ ਅਤੇ ਇਕ ਪੱਤਰਕਾਰ ਸ਼ਾਂਮਲ ਸੀ।

4 ਕਿਸਾਨਾਂ ਦੇ ਨਾਮ ਇਸ ਪ੍ਰਕਾਰ ਹਨ:

ਨਛੱਤਰ ਸਿੰਘ 62 ਸਾਲ

ਦਲਜੀਤ ਸਿੰਘ 42 ਸਾਲ

ਗੁਰਵਿੰਦਰ ਸਿੰਘ 18 ਸਾਲ

ਲਵਪ੍ਰੀਤ ਸਿੰਘ 20 ਸਾਲ

1 ਪੱਤਰਕਾਰ

ਰਮਨ ਕੌਸ਼ਿਯਪ

3 ਬੀਜੇਪੀ ਵਰਕਰ ਜੋ ਘਟਨਾ ਵਾਲੀਆਂ ਕਾਰਾਂ ਵਿਚ ਸਵਾਰ ਸਨ

ਸਿਆਮ ਸੁੰਦਰ ਨਿਸ਼ਾਦ

ਹਰੀ ਓਮ ਮਿਸ਼ਰਾ

ਸ਼ੁਭਮ ਮਿਸ਼ਰਾ

ਸ਼ਾਮ: ਤਕਰੀਬਨ 5 ਵਜੇ ਸ਼ਾਮ

- ਲਖੀਮਪੁਰ ਖੇਰੀ ਤੇ ਲੱਖਨਊ ਦੇ ਬਾਰਡਰ ਸੀਲ ਕਰ ਦਿਤੇ ਗਏ। ਸਿਆਸੀ ਨੇਤਾਵਾਂ ਦੇ ਘਟਨਾ-ਸਥਲ'ਤੇ ਜਾਣ ਲਈ ਰੋਕ ਲਗਾ ਦਿਤੀ ਗਈ।
- ਪੂਰੇ ਜਿਲ੍ਹੇ ਵਿਚ ਇੰਟਰਨੈਟ ਸੇਵਾਵਾਂ ਪੂਰੀ ਤਰ੍ਹਾਂ ਠੱਪ ਕਰ ਦਿਤੀਆਂ ਗਈਆਂ (ਇਹ ਫਰਮਾਨ 8 ਅਕਤੂਬਰ ਨੂੰ ਵਾਪਸ ਲਿਆ ਗਿਆ)।
- ਪੂਰੇ ਜਿਲ੍ਹੇ ਵਿਚ ਭਾਰਤੀ ਦੰਡ ਸੰਹਿਤਾ ਦੀ ਧਾਰਾ 144 ਲਾਗੂ ਕਰਕੇ 4 ਜਾਂ 4 ਤੋਂ ਵਧ ਬੰਦਿਆਂ ਦੇ ਇਕੱਠੇ ਹੋਣ 'ਤੇ ਰੋਕ ਲਗਾ ਦਿਤੀ ਗਈ

ਸ਼ਾਮ: ਤਕਰੀਬਨ 8 ਵਜੇ

- ਸੰਯੁਕਤ ਕਿਸਾਨ ਮੋਰਚੇ ਨੇ ਅਗਲੇ ਦਿਨ ਪੂਰੇ ਮੁਲਕ ਭਰ ਵਿਚ ਸਾਰੇ ਜਿਲ੍ਹਾਂ ਹੈਡ-ਕੁਆਰਟਰਾਂ ਮੂਹਰੇ ਰੋਸ ਪ੍ਰਦਰਸ਼ਨ ਕਰਨ ਦਾ ਸੱਦਾ ਦਿਤਾ। ਇਸ ਤੋਂ ਇਲਾਵਾ ਮੋਰਚੇ ਨੇ ਇਸ ਕਾਂਡ ਦੀ ਜਾਂਚ ਯੂ.ਪੀ ਪ੍ਰਸ਼ਾਸਨ ਤੋਂ ਨਾ ਕਰਵਾਉਣ ਦੀ ਅਤੇ ਸੁਪਰੀਮ ਕੋਰਟ ਦੇ ਜੱਜ ਤੋਂ ਕਰਵਾਉਣ ਦੀ ਮੰਗ ਰੱਖ ਦਿਤੀ।
- ਸੰਯੁਕਤ ਕਿਸਾਨ ਮੋਰਚੇ ਨੇ ਤੁਰੰਤ ਜਾਂਚ ਕਰਨ ਅਤੇ ਅਸ਼ੀਸ਼ ਮਿਸ਼ਰਾ ਉਰਫ ਮੋਨੂ ਪੁਤਰ ਅਜੈ ਕੁਮਾਰ ਮਿਸ਼ਰਾ ਟੈਨੀ ਵਿਰੁਧ ਕਾਰਵਾਈ ਕਰਨ ਦੀ ਮੰਗ ਕੀਤੀ।
- ਜਾਂਚ ਕਰਨ ਲਈ ਏਡੀਜੀਪੀ ਪ੍ਰਸ਼ਾਂਤ ਕੁਮਾਰ ਨੂੰ ਨਿਯੁਕਤ ਕੀਤਾ ਗਿਆ।

8:30 ਵਜੇ ਸ਼ਾਮ ਤੋਂ ਬਾਅਦ

- ਪੱਤਰਕਾਰਾਂ ਨੇ ਘਟਨਾ ਬਾਰੇ ਅਜੈ ਕੁਮਾਰ ਮਿਸ਼ਰਾ ਨੂੰ ਇੰਟਰਵਿਊ ਕੀਤਾ। ਉਹ ਵਾਰ ਵਾਰ ਇਹੀ ਕਹਿੰਦਾ ਰਿਹਾ ਕਿ ਅਸਲ ਵਿਚ ਬੀਜੇਪੀ ਵਰਕਰਾਂ ਦੀ ਕੁੱਟ-ਮਾਰ ਕੀਤੀ ਗਈ, ਭੀੜ ਵੱਲੋਂ ਉਂਨ੍ਹਾਂ ਨੂੰ ਕੋਹ ਕੋਹ ਮਾਰਿਆ ਗਿਅ ਅਤੇ ਉਨ੍ਹਾਂ ਦੀਆਂ ਕਾਰਾਂ 'ਤੇ ਪੱਥਰ-ਰੋੜ੍ਹੇ ਮਾਰੇ ਗਏ, ਕਾਰਾਂ ਨੂੰ ਮੂਧਾ ਮਾਰ ਦਿਤਾ ਗਿਆ ਅਤੇ ਅੱਗ ਦੇ ਹਵਾਲੇ ਕਰ ਦਿਤਾ ਗਿਆ। ਉਸ ਨੇ ਸੰਖੇਪ ਵਿਚ ਇਹ ਵੀ ਕਿਹਾ ਕਿ ਉਨ੍ਹਾਂ ਨੇ ਘਟਨਾ ਵਿਚ ਮਾਰੇ ਗਏ ਕਿਸਾਨਾਂ ਬਾਰੇ ਵੀ ਜਾਂਚ ਕਰਵਾਈ ਹੈ ਅਤੇ ਉਨ੍ਹਾਂ ਵਿਚੋਂ ਕੋਈ ਵੀ ਕਿਸਾਨ ਸਾਡੇ ਜਿਲ੍ਹੇ ਦਾ ਵੀ ਨਹੀਂ ਹੈ। ਉਸ ਨੇ ਅੱਗੇ ਕਿਹਾ ਕਿ ਉਸ ਦਾ ਪੁਤਰ ਅਸ਼ੀਸ਼ ਮਿਸ਼ਰਾ, ਸਵੇਰੇ 11 ਵਜੇ ਤੋਂ ਹੀ ਉਂਨ੍ਹਾਂ ਦੇ ਪਰਿਵਾਰ ਵੱਲੋਂ ਕਰਵਾਏ ਜਾਂਦੀ ਦੰਗਲ ਪ੍ਰਤੀਯੋਗਤਾ ਵਾਲੀ ਥਾਂ 'ਤੇ ਹਾਜ਼ਰ ਸੀ। ਅਤੇ ਜੇਕਰ ਉਹ ਘਟਨਾ ਵਾਲੀ ਥਾਂ 'ਤੇ ਕਿਸਾਨਾਂ ਵਿਚਕਾਰ ਹੁੰਦਾ ਤਾਂ ਉਸ ਨੂੰ ਵੀ ਭੀੜ ਨੇ ਕੋਹ ਕੋਹ ਮਾਰ ਦੇਣਾ ਸੀ।
- ਘਟਨਾ ਬਾਰੇ ਚਰਚਾ ਕਰਨ ਲਈ ਯੋਗੀ ਅਦਿਤਿਆ ਨਾਥ ਨੇ ਆਪਣੇ ਘਰ ਮੀਟਿੰਗ ਬੁਲਾਈ। ਗ੍ਰਹਿ ਤੇ ਪੁਲਿਸ ਵਿਭਾਗ ਦੇ ਅਧਿਕਾਰੀ ਇਸ ਮੀਟਿੰਗ ਵਿਚ ਸ਼ਾਮਲ ਸਨ।
- ਏਬੀਪੀ ਨਿਊਜ਼ ਵੱਲੋ ਅਸੀਸ਼ ਮਿਸਰਾ ਨੂੰ ਇੰਟਰਵਿਊ ਕੀਤਾ ਗਿਆ ਜਿਸ ਦੌਰਾਨ ਉਹ ਕਹਿੰਦਾ ਹੈ ਕਿ ਕਾਰ ਸੱਚਮੁੱਚ ਉਸ ਦੀ ਹੈ ਅਤੇ ਡਰਾਈਵਰ ਹਰੀ ਓਮ ਮਿਸ਼ਰਾ ਵੀ ਉਸ ਦਾ ਡਰਾਈਵਰ ਹੈ। ਇਹ ਦਾਅਵਾ ਕਰਦੇ ਹੋਏ, ਕਿ ਪੂਰੀ ਸ਼ਾਮ ਉਹ ਘਟਨਾ ਸ਼ਥਲ ਤੋਂ ਚਾਰ ਕਿਲੋਮੀਟਰ ਦੂਰ ਦੰਗਲ ਪ੍ਰਤੀਯੋਗਤਾ ਵਾਲ਼ੀ ਥਾਂ 'ਤੇ ਹਾਜ਼ਰ ਸੀ, ਉਹ ਕਹਿੰਦਾ ਹੈ ਕਿ ਉਸ ਦੀ ਕਾਰ ਆਮ ਤੌਰ 'ਤੇ ਹੀ 'ਖਾਸ ਹਸਤੀਆਂ' –ਜਿਵੇਂ ਕਿ ਉਸ ਸ਼ਾਮ ਉਪ ਮੁੱਖ ਮੰਤਰੀ ਮੌਰਿਯਾ- ਨੂੰ ਰਸੀਵ ਕਰਨ ਲਈ ਭੇਜੀ ਜਾਂਦੀ ਹੈ।

ਚਾਰ ਅਕਤੂਬਰ ਦੀ ਸਵੇਰ:

- ਯੂ.ਪੀ ਸੂਬੇ ਦੇ 9 ਜਿਲ੍ਹਿਆਂ , ਬਾਂਦਾ, ਚਿਤਰਕੂਟ, ਮਾਹੋਬਾ, ਹਮੀਰਪੁਰ, ਫਤੇਹਪੁਰ ,ਜਲੌਨ, ਲਲਿਤਪੁਰ, ਸ਼ਾਹਜਹਾਂਪੁਰ,ਪੀਲੀਭੀਤ ਅਤੇ ਯੋਗੀ ਅਦਿਤਿਆਨਾਥ ਦੇ ਆਪਣੇ ਜਿਲ੍ਹੇ ਗੋਰਖਪੁਰ ਵਿਚ , ਲਖੀਮਪੁਰ ਖੇਰੀ ਵਿਖੇ ਹੋਏ ਅਤਿਆਚਾਰਾਂ ਵਿਰੁਧ ਰੋਸ ਪ੍ਰਦਰਸ਼ਨਾਂ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ।
- ਤਿਕੋਨੀਆ ਵਿਚ ਸੀਮਾ ਸੁਰੱਕਸ਼ਾ ਬਲ (ਐਸਐਸਬੀ) ਅਤੇ ਉਤਰ ਪ੍ਰਦੇਸ਼ ਪੁਲਿਸ ਦੀ ਬਹੁਤ ਭਾਰੀ ਨਫਰੀ ਤਾਇਨਾਤ ਕਰ ਦਿਤੀ ਜਾਂਦੀ ਹੈ ਅਤੇ ਪੂਰੇ ਜਿਲ੍ਹੇ ਵਿਚ ਭਾਰਤੀ ਦੰਡ ਸੰਹਿਤਾ ਦੀ ਧਾਰਾ 144 ਲਾਗੂ ਕਰ ਦਿਤੀ ਜਾਂਦੀ ਹੈ।
- ਇਕ ਪ੍ਰੈਸ ਕਾਨਫਰੰਸ ਕਰ ਕੇ ਅਜੈ ਕੁਮਾਰ ਮਿਸ਼ਰਾ ਟੈਨੀ ਪੱਤਰਕਾਰਾਂ ਨੂੰ ਸੰਬੋਧਿਤ ਹੁੰਦਾ ਹੈ। ਉਹ ਆਪਣੀ ਗੱਲਬਾਤ ਇਹ ਕਹਿੰਦਾ ਹੋਇਆ ਸ਼ੁਰੂ ਕਰਦਾ ਹੈ ਕਿ ਰੋਸ ਪ੍ਰਦਰਸ਼ਨ ਵਿਚ ਕਿਸਾਨਾਂ ਦੇ ਭੇਖ ਵਿਚ ਬਹੁਤ ਸਾਰੇ ਸਮਾਜ-ਵਿਰੋਧੀ ਤੇ ਦੇਸ਼-ਵਿਰੋਧੀ ਤੱਤ ਸ਼ਾਮਲ ਸਨ । ਉਹ ਅੱਗੇ ਕਹਿੰਦਾ ਹੈ ਕਿ ਅਸਲ ਵਿਚ ਬੀਜੇਪੀ ਵਰਕਰਾਂ ਨੂੰ ਭੀੜ ਨੇ ਕੋਹ ਕੋਹ ਮਾਰ ਮੁਕਾਇਆ ਅਤੇ ਇਨ੍ਹਾਂ ਵਰਕਰਾਂ ਦੇ ਪਰਿਵਾਰਾਂ ਲਈ ਸਰਕਾਰ ਤੋਂ 50 ਲੱਖ ਰੁਪਏ ਦੇ ਮੁਆਵਜ਼ੇ ਦੀ ਮੰਗ ਕੀਤੀ। ਆਪਣੇ ਪੁੱਤਰ ਦੇ ਤਿੰਨ ਅਕਤੂਬਰ ਨੂੰ 11 ਵਜੇ ਲੈ ਕੇ

ਲਗਾਤਾਰ ਦੰਗਲ ਪ੍ਰਤੀਯੋਗਤਾ ਵਾਲੀ ਥਾਂ 'ਤੇ ਹਾਜ਼ਰ ਰਹਿਣ ਵਾਲੀ ਗੱਲ ਨੂੰ ਦੁਹਰਾਉਂਦਿਆ ਉਸ ਨੇ ਘਟਨਾ ਵਾਲੀ ਥਾਂ 'ਤੇ ਆਪਣੇ ਪੁਤਰ ਨੂੰ ਕਿਸਾਨਾਂ ਵੱਲੋਂ ਦੇਖੇ ਜਾਣ ਦੀ ਸੂਰਤ ਵਿਚ ਉਸ ਨੂੰ ਕੋਹ ਕੋਹ ਕੇ ਮਾਰੇ ਜਾਣ ਦੀ ਸੰਭਾਵਨਾ ਵੀ ਜਿਤਾਈ। ਉਹ ਕਹਿੰਦਾ ਹੈ ਕਿ 'ਜੇਕਰ ਮੇਰੇ ਦੇ ਪੁਤਰ ਦੇ ਘਟਨਾ ਵਾਲੀ ਥਾਂ 'ਤੇ ਹਾਜ਼ਰ ਹੋਣ ਬਾਰੇ ਇਕ ਵੀ ਸਬੂਤ ਸਾਹਮਣੇ ਆਉਂਦਾ ਹੈ ਤਾਂ ਮੈਂ ਤੁਰੰਤ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਵਾਂਗਾ।'

- ਇੰਟਰਨੈਟ ਸੇਵਾਵਾਂ ਪੂਰੀ ਤਰ੍ਹਾਂ ਠੱਪ ਕਰਕੇ ਅਤੇ ਧਾਰਾ 144 ਲਾ ਕੇ ਲਖੀਮਪੁਰ ਨੂੰ ਰਾਤੋ-ਰਾਤ ਕਿਲ੍ਹੇ ਵਿਚ ਤਬਦੀਲ ਕਰ ਦਿਤਾ। ਉਤਰ ਪ੍ਰਦੇਸ਼ ਵਿਚ ਧਾਰਾ 144 ਨੂੰ , ਜਿਲ੍ਹਾ ਅਧਿਕਾਰੀਆਂ ਨੂੰ ਵੀ ਸੂਚਿਤ ਕੀਤੇ ਬਗ਼ੈਰ, ਇਕ ਸਿਆਸੀ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਧਾਰਾ 144 ਦੀ ਅੰਨੇਵਾਹ ਬੇਮਿਆਦੀ ਸਮੇਂ ਲਈ ਜਾਂ ਬਹੁਤ ਲੰਬੇ ਸਮੇਂ ਲਈ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਲਖੀਮਪੁਰ ਖੇੜੀ ਵਿਚ ਇਸ ਨੂੰ ਲਗਾਤਾਰ ਤਿੰਨ ਮਹੀਨਿਆਂ [11] ਲਈ ਲਾਗੂ ਰੱਖਿਆ ਗਿਆ। ਅਜਿਹਾ ਕਰਨਾ ਨਾਗਰਿਕਾਂ ਨੂੰ ਭਾਰਤੀ ਸੰਵਿਧਾਂਨ ਦੇ ਆਰਟੀਕਲ 19(1) ਅਤੇ ਆਰਟੀਕਲ 21 ਅਧੀਨ ਮਿਲੇ ਹੋਏ ਬੁਨਿਆਦੀ ਅਧਿਕਾਰਾਂ ਦੀ ਘੋਰ ਉਲੰਘਣਾ ਹੈ।

-

11 https://www.youtube.com/watch?v=_To9kS3EI5c&ab_channel=CNN-News18

ਘਟਨਾ ਤੋਂ ਬਾਅਦ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਮ੍ਰਿਤਕ ਕਿਸਾਨਾਂ ਦੇ ਪਰਿਵਾਰ-ਜਨਾਂ ਨੂੰ ਮਿਲਣ ਲਈ ਲਖੀਮਪੁਰ ਖੇੜੀ ਲਈ ਰਵਾਨਾ ਹੋਈ। ਉਹ ਅਤੇ ਉਸ ਦੀ ਪਾਰਟੀ ਦੇ ਐਮ ਪੀਆਂ ਦੀਪਿੰਦਰ ਹੁੱਡਾ ਤੇ ਅਜੇ ਪ੍ਰਕਾਸ਼ ਲਾਲੂ ਨੂੰ ਲਖਨਊ ਵਿਚ ਰੋਕ ਕੇ ਲਖੀਮਪੁਰ ਖੇੜੀ ਨਾ ਜਾਣ ਦਿਤਾ ਗਿਆ। ਪ੍ਰਿਅੰਕਾ ਗਾਂਧੀ ਦੇ ਕਹਿਣ ਅਨੁਸਾਰ ਉਸ ਨੂੰ ਪੁਲਿਸ ਵਲੋਂ ਦੱਸਿਆ ਗਿਆ ਕਿ ਧਾਰਾ 144 ਲੱਗੀ ਹੋਣ ਕਾਰਨ ਉਹ ਅੱਗੇ ਨਹੀਂ ਜਾ ਸਕਦੀ।[12] ਉਸ ਨੂੰ ਸੀਤਾਪੁਰ ਦੇ ਗੈਸਟ ਹਾਊਸ ਵਿੱਚ ਬੰਦ ਕਰ ਦਿਤਾ ਗਿਆ ਅਤੇ 5 ਅਕਤੂਬਰ ਨੂੰ ਉਸ ਨੂੰ, ਦਸ ਹੋਰ ਸਾਥੀਆਂ ਸਮੇਤ, ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੀ ਧਾਰਾ 151 ਅਧੀਨ ਰਸਮੀ ਤੌਰ 'ਤੇ ਗ੍ਰਿਫਤਾਰ ਕਰ ਲਿਆ ਗਿਆ। [13]

4 ਅਕਤੂਬਰ ਨੂੰ ਛਤੀਸਗੜ ਦੇ ਮੁੱਖ ਮੰਤਰੀ ਭੁਪੇਸ਼ ਬਾਘੇਲ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਲਖੀਮਪੁਰ ਖੇੜੀ ਜਾਣ ਲਈ ਹਵਾਈ ਜਹਾਜ ਰਾਹੀ ਲਖਨਊ ਪਹੁੰਚੇ। ਜਦੋਂ ਉਹ ਲਖਨਊ ਏਅਰ-ਪੋਰਟ "ਤੇ ਉਤਰੇ ਤਾਂ ਉਤਰ ਪ੍ਰਦੇਸ਼ ਦੇ ਵਧੀਕ ਮੁੱਖ ਸਕੱਤਰ ਅਵਨੀਸ਼ ਅਵੱਸਥੀ ਨੇ ਏਅਰਪੋਰਟ ਅਧਿਕਾਰੀਆਂ ਨੂੰ

ਨ੍ਹਾਂ ਨੇਤਾਵਾਂ ਨੂੰ ਹਵਾਈ ਅੱਡੇ 'ਚੋਂ ਬਾਹਰ ਨਾ ਜਾਣ ਦੇਣ ਦੇ ਆਦੇਸ਼ ਦਿਤੇ [14] ਭਾਵੇਂ ਕਿ ਲਖਨਊ ਜਿਲ੍ਹੇ ਵਿਚ ਅਜਿਹਾ ਕਰਨ ਲਈ ਕੋਈ ਨਿਰਦੇਸ਼ ਲਾਗੂ ਨਹੀਂ ਸਨ। [15]

ਹਰਿਆਣਾ ਕਿਸਾਨ ਯੂਨੀਅਨ ਦੇ ਮੁੱਖੀ ਗੁਰਨਾਮ ਸਿੰਘ ਚੜੂਨੀ ਨੂੰ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਿਲਣ ਤੋਂ ਰੋਕਣ ਲਈ ਮੇਰਠ ਵਿਚ ਹੀ ਰੋਕ ਲਿਆ ਗਿਆ।[16] ਯੂ.ਪੀ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੂੰ ਲਖੀਮਪੁਰ ਖੇੜੀ ਜਾਣ ਤੋਂ ਰੋਕਣ ਲਈ ਉਸ ਦੇ ਘਰ ਮੂਹਰੇ ਹੀ ਰੋਕ ਲਿਆ ਗਿਆ।[17] ਦੂਸਰੇ ਨੇਤਾਵਾਂ ਨੂੰ ਵੀ ਧਾਰਾ 144 ਲੱਗੀ ਹੋਣ ਦੇ ਫਰਮਾਨ ਹੇਠ ਜਿਲ੍ਹੇ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਰੋਕ ਲਿਆ ਗਿਆ। ਕਾਂਗਰਸ ਨੇਤਾ ਨਵਜੋਤ ਸਿੰਘ ਸਿਧੂ, ਬਹੁਜਨ ਸਮਾਜ ਪਾਰਟੀ ਨੇਤਾ ਸਤੀਸ਼ ਚੰਦਰਾ ਅਤੇ ਭੀਮ ਆਰਮੀ ਨੇਤਾ ਚੰਦਰ ਸ਼ੇਖਰ ਆਜ਼ਾਦ ਨੂੰ 6 ਅਕਤੂਬਰ ਨੂੰ ਹੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਮਿਲਣ ਦੀ ਇਜਾਜ਼ਤ ਦਿਤੀ ਗਈ।

12 https://twitter.com/priyankagandhi/status/1444999216342855685?s=20


13 https://indianexpress.com/article/cities/lucknow/lakhimpur-kheri-violence-after-24-hours-in-detention-priyanka-gandhi-arrested-7553568/

14 https://twitter.com/ANINewsUP/status/1444856623550193664

15 https://twitter.com/bhupeshbaghel/status/1445299824799064064

16 https://twitter.com/ANINewsUP/status/1445121275572080645

17 https://www.indiatoday.in/india/story/akhilesh-yadav-detained-lakhimpur-kheri-1860414-2021-10-04



कार्यालय
उप मुख्यमंत्री, उत्तर प्रदेश
सचिवालय मुख्य भवन, लखनऊ

सं : 86/पी0एस0/उ0मु0मं0/2021 — दिनांक 02.10.2021


सेवा में,
1–पुलिस महानिदेशक, उ0प्र0 लखनऊ।
2–आयुक्त, लखनऊ मण्डल।
3–अपर पुलिस महानिदेशक (सुरक्षा), उ0प्र0।
4–पुलिस महानिरीक्षक/उपमहानिरीक्षक लखनऊ।
5–पुलिस अधीक्षक, उप मुख्यमंत्री (सुरक्षा), उ0प्र0।
6–कमाण्डेन्ट, 224 वाहिनी सी0आर0पी0एफ0, प्रयागराज।
7–निदेशक, नागरिक उड्डयन विभाग, उ0प्र0।

मा0 उप मुख्यमंत्री, उ0प्र0 (श्री केशव प्रसाद मौर्य जी) का दिनांक 03.10.2021 को जनपद लखीमपुर खीरी का भ्रमण कार्यक्रम

1.30 बजे	प्रस्थान	हैलीपैड–लामार्टीनियर ग्राउण्ड, लखनऊ	राज0हैली0 द्वारा
1.10 बजे	आगमन	हैलीपैड–पुलिस लाइन, लखीमपुर खीरी	
1.15 बजे	प्रस्थान	– सड़क –	स्टाफ कार द्वारा
1.20 बजे	आगमन	चन्दन गार्डेन, डी0सी0 रोड, लखीमपुर खीरी जनपद लखीमपुर खीरी की लोक निर्माण विभाग/राजकीय निर्माण निगम/सेतु निगम विभिन्न परियोजनाओं का लोकार्पण/शिलान्यास	
2.20 बजे		प्रेस वार्ता	
2.30 बजे		पार्टी कार्यकर्ताओं के साथ संवाद (सम्पर्क सूत्र : श्री सुनील सिंह जी, जिलाध्यक्ष, भाजपा, मो0–9839457719) तदोपरान्त विभागीय अधिकारियों के साथ बैठक	
3.15 बजे		आरक्षित	
3.30 बजे	प्रस्थान	– सड़क –	स्टाफ कार द्वारा
3.35 बजे	आगमन	हैलीपैड–पुलिस लाइन, लखीमपुर खीरी	
3.40 बजे	प्रस्थान	– सड़क –	राज0हैली0 द्वारा
4.00 बजे	आगमन	हैलीपैड–महाराजा अग्रसेन क्रीड़ा स्थल, तिकुनिया	
4.05 बजे	प्रस्थान	– सड़क –	स्टाफ कार द्वारा
4.15 बजे	आगमन	ग्राम–बनवीरपुर, लखीमपुर खीरी श्री अजय मिश्र जी 'टैनी' मा0 राज्य मंत्री, गृह मंत्रालय, भारत सरकार के आवास जायेंगे। (सम्पर्क सूत्र : श्री [illegible] जी, मो0–[illegible]) तदोपरान्त स्व0 श्री अम्बिका प्रसाद मिश्र स्मृति कुश्ती प्रतियोगिता एवं भाजपा कार्यकर्ता सम्मेलन एवं जन सभा	
5.10 बजे	प्रस्थान	– सड़क –	स्टाफ कार द्वारा
5.20 बजे	आगमन	हैलीपैड स्थल–महाराजा अग्रसेन क्रीड़ा स्थल, तिकुनिया	
5.25 बजे	प्रस्थान	– सड़क –	राज0हैली0 द्वारा
6.20 बजे	आगमन	हैलीपैड–लामार्टीनियर ग्राउण्ड, लखनऊ	

- मा0 उप मुख्यमंत्री जी का ब्लड ग्रुप "ए0बी0" पॉजिटिव है।
- मा0 उप मुख्यमंत्री जी "जेड प्लस श्रेणी" की सुरक्षा से आच्छादित हैं।

02.10.2021
(प्रवीण कुमार वर्मा)
निजी सचिव
उप मुख्यमंत्री
उ0 प्र0 शासन



फैक्स/वी0आई0पी0 कार्यक्रम/अतिआवश्यक

कार्यालय
उप मुख्यमंत्री, उत्तर प्रदेश
सचिवालय मुख्य भवन, लखनऊ

संख्या : 86(1)/पी0एस0/उ0मु0मं0/2021 — दिनांक 02.10.2021

सेवा में,
जिलाधिकारी/पुलिस आयुक्त/पुलिस अधीक्षक
लखनऊ/सीतापुर/लखीमपुर खीरी

महोदय,

माननीय उप मुख्यमंत्री, उत्तर प्रदेश (श्री केशव प्रसाद मौर्य जी) के दिनांक 03.10.2021 को जनपद लखीमपुर के कार्यक्रम में आंशिक संशोधन हो गया है।

अब माननीय जी उक्त दिनांक को राजकीय हैलीकाप्टर के स्थान पर स्टाफ कार (सड़क मार्ग) द्वारा प्रातः 9.30 बजे 7–कालीदास मार्ग, लखनऊ से लखीमपुर खीरी के लिए प्रस्थान करेंगे। शेष कार्यक्रम यथावत रहेंगे

कृपया उपरोक्त के संबंध में सभी संबंधित को अपने स्तर से सूचित करते हुए बार्डर–टू–बार्डर पुलिस स्कोर्ट उपलब्ध कराने का कष्ट करें।

02.10.2021
(प्रवीण कुमार वर्मा)
निजी सचिव
उप मुख्यमंत्री
उ0 प्र0 शासन

प्रतिलिपि– 1–निदेशक, नागरिक उड्डयन विभाग, उ0प्र0।
2–कमाण्डेन्ट, 224 वाहिनी सी0आर0पी0एफ0, प्रयागराज।

दूरभाष कार्यालय : 0522–2239990/2236217 फैक्स 2236978
ई–मेल आईडी : dycmlpm@gmail.com
निजी सचिव मो0 : 09454410600/09454410065
पी0आर0ओ0 मो0 : 9415309989

ਫੋਟੋ: (ਖੱਬੇ ਤੋਂ ਸੱਜੇ) 3 ਅਕਤੂਬਰ ਨੂੰ ਹੋਣ ਵਾਲੀ ਦੰਗਲ ਪ੍ਰਤੀਯੋਗਤਾ ਦਾ ਪਹਿਲੀ ਸਮਾਂ-ਸਾਰਣੀ; ਉਪ ਮੁੱਖਮੰਤਰੀ ਮੌਰਿਆ ਦੇ ਯਾਤਰਾ ਪ੍ਰੋਗਰਾਮ 'ਚ ਹੋਈ ਤਬਦੀਲੀ ਕਾਰਨ 3 ਅਕਤੂਬਰ ਨੂੰ ਹੋਣ ਵਾਲੀ ਦੰਗਲ ਪ੍ਰਤੀਯੋਗਤਾ ਦੀ ਸੋਧੀ ਹੋਈ ਸਮਾਂ-ਸਾਰਣੀ॥

ਝੂਠਾਂ ਦੀ ਝੜੀ

ਜੇਕਰ 3 ਅਕਤੂਬਰ ਅਤੇ ਇਸ ਤੋਂ ਪਹਿਲਾਂ ਤੇ ਪਿੱਛੋਂ ਵਾਲੇ ਕੁੱਝ ਦਿਨਾਂ ਦੇ ਘਟਨਾਕਰਮ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਇਸ ਘਟਨਾਕਰਨ ਵਿਚਲੀਆਂ ਚੋਰ-ਮੋਰੀਆਂ ਤੇ ਨੁਕਸਾਂ ਨੂੰ ਅਣਗੌਲਿਆਂ ਕਰਨਾ ਤਕਰੀਬਨ ਅਸੰਭਵ ਹੋ ਜਾਂਦਾ ਹੈ। ਗਹੁ ਨਾਲ ਵਿਚਾਰਨ 'ਤੇ ਕਿਸਾਨ ਯੂਨੀਅਨ ਵੱਲੋਂ ਆਯੋਜਿਤ ਕੀਤੇ ਕਾਲੇ ਝੰਡੇ ਦਿਖਾਉਣ ਦੇ ਸ਼ਾਂਤਮਈ ਰੋਸ ਪ੍ਰਦਰਸ਼ਨ ਤੋਂ ਨਾ ਸਿਰਫ ਪਹਿਲਾਂ ਸਗੋਂ ਇਸ ਵਹਿਸ਼ੀ ਘਟਨਾ ਦੇ ਦੌਰਾਨ ਤੇ ਬਾਅਦ ਵਿਚ ਵੀ, ਰਾਜ ਮਸ਼ੀਨਰੀ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਝੂਠ ਬੋਲਣ ਦੇ ਕੀਤੇ ਅਪਰਾਧ ਬਿਲਕੁੱਲ ਸਪੱਸ਼ਟ ਹੋ ਜਾਂਦੇ ਹਨ। ਉਤਰ ਪ੍ਰਦੇਸ਼ ਦੇ ਸਭ ਤੋਂ ਵੱਡੇ ਜਿਲ੍ਹੇ ਵਿਚ ਭਾਰਤੀ ਦੰਡ ਸੰਹਿਤਾ ਦੀ ਧਾਰਾ 144 ਲਾਗੂ ਕਰਨੀ ਅਤੇ ਦੂਸਰੇ ਕਿਸਾਨਾਂ, ਰਾਜਸੀ ਨੇਤਾਵਾਂ ਅਤੇ ਪੱਤਰਕਾਂਰਾਂ ਨੂੰ ਤੁਰੰਤ ਘਟਨਾ-ਸਥਲ 'ਤੇ ਪਹੁੰਚਣ ਤੋਂ ਰੋਕਣ ਲਈ ਜਿਲ੍ਹੇ ਦੀਆਂ ਸੀਮਾਵਾਂ ਨੂੰ ਸੀਲ ਕਰ ਦੇਣਾ , ਨਾ ਸਿਰਫ ਲੋਕਾਂ ਦੇ ਅਧਿਕਾਰਾਂ ਦੀ ਉਲੰਘਣਾ ਹੈ ਸਗੋਂ ਪ੍ਰਸ਼ਾਸਨ ਦੀ ਕਾਰਵਾਈ ਨੂੰ ਸ਼ੱਕ ਦੇ ਘੇਰੇ ਵਿਚ ਲੈ ਆਉਂਦਾ ਹੈ। ਜੇਕਰ ਇਸ ਤੱਥ 'ਤੇ ਗੌਰ ਕਰੀਏ, ਕਿ ਮੁੱਖ ਦੋਸ਼ੀ ਅਸ਼ੀਸ਼ ਮਿਸ਼ਰਾ ਉਰਫ ਮੋਨੂ ਨੇ ਉਸੇ ਸ਼ਾਮ ਪਰੈਸ ਨੂੰ ਬਿਆਨ ਦਿਤਾ ਅਤੇ ਉਸ ਦੇ ਪਿਤਾ ਅਜੇ ਮਿਸ਼ਰਾ ਟੈਨੀ ਉਰਫ ਮਹਾਰਾਜ ਨੇ ਨਾ ਸਿਰਫ ਉਸੇ ਦਿਨ ਮੀਡੀਆ ਨਾਲ ਗੱਲਬਾਰ ਕੀਤੀ ਸਗੋਂ ਅਗਲੀ ਸਵੇਰ ਹੀ ਪ੍ਰੇਸ਼ ਕਾਨਫਰੰਸ ਵੀ ਕੀਤੀ, ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਬਹੁਤ ਸਖਤੀ ਨਾਲ ਇਕ ਵਿਸ਼ੇਸ਼ ਬਿਰਤਾਂਤ ਸਿਰਜਿਆ ਜਾ ਰਿਹਾ ਸੀ। ਸ਼ਾਂਤਮਈ ਪ੍ਰਦਰਸ਼ਨਕਾਰੀਆਂ ਦੇ ਵਹਿਸ਼ੀਆਣਾ ਕਤਲੇਆਮ ਦੀ ਬਜਾਏ ;ਬੀਜੇਪੀ ਵਰਕਰਾਂ ਨੂੰ ਭੀੜ ਵੱਲੋਂ ਕੋਹ ਕੋਹ ਕੇ ਮਾਰਨ ਦੀ ਕਹਾਣੀ ਪੇਸ਼ ਕੀਤੀ ਜਾ ਰਹੀ ਸੀ। ਇਹ ਘਟਨਾ ਇਕ ਗਿਣੀ-ਮਿਥੀ ਸ਼ਾਜਿਸ਼ ਸੀ।

ਪੁਲਿਸ ਤੇ ਪ੍ਰਸ਼ਾਸਨ ਦੀ ਭੂਮਿਕਾ

ਇਹ ਕਹਿਣਾ ਸ਼ਾਇਦ ਗਲਤ ਨਹੀਂ ਹੋਵੇਗਾ ਕਿ 3 ਅਕਬੂਬਰ ਦੀ ਸ਼ਾਮ ਨੂੰ ਵਾਪਰੀ ਹਿੰਸਕ ਘਟਨਾ ਦਾ ਸਭ ਤੋਂ ਵੱਡਾ ਕਾਰਨ ਪੁਲਿਸ ਪ੍ਰਸ਼ਾਸਨ ਵੱਲੋਂ ਪ੍ਰਦਰਸ਼ਨ ਸਥਾਨ 'ਤੇ ਕਿਸਾਨਾਂ ਮੂਹਰੇ ਬਹੁਤ ਚੁਸਤੀ ਨਾਲ ਬੋਲਿਆ ਗਿਆ ਝੂਠ ਸੀ। ਇਹ ਰੋਸ ਪ੍ਰਦਰਸ਼ਨ ਦਾ ਮੰਤਵ ਤਿਕੋਨੀਆ (ਲਖੀਮਪੁਰ ਖੇੜੀ) ਵਿਖੇ ਉਪ-ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਯਾ ਦੇ ਹੈਲੀਕਾਪਟਰ ਨੂੰ ਉਤਰਨ ਤੋਂ ਰੋਕਣਾ, ਅਤੇ ਇਸ ਤਰ੍ਹਾਂ ਉਸ ਨੂੰ ਮੁੱਖ ਤੌਰ 'ਤੇ ਕਿਸਾਨ ਅੰਦੋਲਨ ਦਾ ਸੰਦੇਸ਼ ਦੇਣ ਲਈ ਆਯੋਜਿਤ ਕੀਤਾ ਗਿਆ ਸੀ। ਪਰ ਪ੍ਰਸ਼ਾਸਨ ਨੇ ਕਿਸਾਨਾਂ ਨੂੰ 2 ਅਕਤੂਬਰ ਨੂੰ ਜਾਰੀ ਕੀਤੀ ਸੋਧੀ ਹੋਈ ਉਸ ਨੋਟੀਫੀਕੇਸ਼ਨ ਬਾਰੇ ਸੂਚਿਤ ਨਹੀਂ ਕੀਤਾ ਜਿਸ ਵਿਚ ਮੰਤਰੀ ਦੇ ਯਾਤਰਾ ਪ੍ਰੋਗਰਾਮ ਦੀ ਤਬਦੀਲੀ ਬਾਰੇ ਸਪੱਸ਼ਟ ਜ਼ਿਕਰ ਕੀਤਾ ਹੋਇਆ ਸੀ। ਇਸ ਸੋਧੀ ਨੋਟੀਫਿਕੇਸ਼ਨ ਅਨੁਸਾਰ ਉਸ ਨੇ ਪਹਿਲਾਂ ਤੈਅ ਪ੍ਰੋਗਰਾਮ ਅਨੁਸਾਰ ਤਿਕੋਨੀਆ ਵਾਲੀ ਹੈਲੀਪੈਡ 'ਤੇ ਆਉਣਾ ਹੀ ਨਹੀਂ ਸੀ ਅਤੇ ਲਖਨਊ ਤੋਂ ਸੜਕੀ ਰਸਤੇ ਰਾਹੀਂ ਹੀ ਲਖੀਮਪੁਰ ਖੇੜੀ ਪਹੁੰਚਣਾ ਸੀ।

ਇਹ ਤੱਥ ਹੈਲੀਪੈਡ ਮੈਦਾਨ ਵਿਚ ਕਿਸਾਨ ਨੇਤਾ ਤੇਜਿੰਦਰ ਸਿੰਘ ਵਿਰਕ ਤੇ ਦੂਸਰੇ ਕਿਸਾਨ ਨੇਤਾਵਾਂ ਨਾਲ ਪੁਲਿਸ ਪ੍ਰਸ਼ਾਸਨ ਦੀ,ਸ਼ਾਮ 1:15 ਵਜੇ ਤੋਂ ਸ਼ਾਮ 3 ਵਜੇ ਹੋਈ ਗੱਲਬਾਤ ਦੌਰਾਨ ਵੀ ਛੁਪਾ ਕੇ ਰੱਖਿਆ ਗਿਆ। ਵਿਰਕ ਦੇ ਕਹਿਣ ਅਨੁਸਾਰ ਪੁਲਿਸ ਪ੍ਰਸ਼ਾਸਨ ਨਾਲ ਹੋਈ ਗੱਲਬਾਤ ਦੇ ਕਾਰਨ ਹੀ ਉਪ ਮੁੱਖ ਮੰਤਰੀ ਦੀ ਯਾਤਰਾ-ਪ੍ਰੋਗਰਾਮ ਵਿਚ ਤਬਦੀਲੀ ਕੀਤੀ ਗਈ। ਉਸ ਨੂੰ ਬਿਲਕੁਲ ਵੀ ਇਸ ਗੱਲ ਦਾ ਪਤਾ ਨਹੀਂ ਸੀ, ਅਤੇ ਨਾ ਹੀ ਉਸ ਨੂੰ ਕੋਈ ਜਾਣਕਾਰੀ ਦਿਤੀ ਗਈ, ਕਿ ਮੰਤਰੀ ਨੇ ਤਾਂ ਹੈਲੀਪੈਡ ਵਾਲੀ ਥਾਂ 'ਤੇ ਆਉਣਾ ਹੀ ਨਹੀਂ ਸੀ।

ਉਸ ਵਹਿਸ਼ੀ ਹਿੰਸਾ ਦੇ ਬਹੁਤ ਤੇਜ਼ੀ ਨਾਲ ਗੁਜ਼ਰ ਰਹੇ ਪਲਾਂ ਦੌਰਾਨ ਵੀ ਪੁਲਿਸ ਪ੍ਰਸ਼ਾਸਨ ਦੀ ਰਣਨੀਤੀ, ਵਿਫਲਤਾ ਤੇ ਨਾਲਾਇਕੀ ਸਾਹਮਣੇ ਆਈ। ਇਸ ਗੱਲ ਦਾ ਪਤਾ ਨਹੀਂ ਚੱਲ ਸਕਿਆ ਕਿ ਬਹੁਤ ਮਜ਼ਬੂਤੀ ਨਾਲ ਬੈਰੀਕੇਡ ਕੀਤਾ ਹੋਏ ਅਤੇ ਪੁਲਿਸ ਦੁਆਰਾ ਚੰਗੀ ਤਰ੍ਹਾਂ ਘੇਰੇ ਹੋਏ 500 ਮੀਟਰ ਸੜਕ ਦੇ ਉਸ ਟੋਟੇ ਉਪਰ, ਜਿਸ ਉਪਰ ਕਿਸਾਨ ਚਲ ਰਹੇ ਸਨ, ਤੇਜ਼ ਰਫਤਾਰ ਆ ਰਹੀਆਂ ਕਾਰਾਂ ਨੂੰ ਦਾਖਲ ਹੀ ਕਿਉਂ ਹੋਣ ਦਿਤਾ ਗਿਆ।

ਇਸ ਤੋਂ ਇਲਾਵਾ, 200 -ਚਸ਼ਮਦੀਦਾਂ ਦੇ ਦੱਸਣ ਅਨੁਸਾਰ- ਤੋਂ ਵੀ ਵਧੇਰੇ ਪੁਲਿਸ ਕਰਮੀਆਂ ਦੀ ਹਾਜ਼ਰੀ ਵਿਚ ਅਜਿਹਾ ਵਹਿਸ਼ੀ ਕਾਰਾ ਕਿਵੇਂ ਵਾਪਰ ਗਿਆ ਅਤੇ ਜਾਰੀ ਰਿਹਾ? ਚਸ਼ਮਦੀਦਾਂ ਦੀਆਂ ਗਵਾਹੀਆਂ ਹੀ ਨਹੀਂ ਸਗੋਂ ਸੋਸ਼ਲ ਮੀਡੀਆ ‘ਤੇ ਘੁੰਮ ਰਹੀਆਂ ਵਿਡਿਉਜ਼ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਹਿੰਸਾ ਨੂੰ ਰੋਕਣਾ ਤਾਂ ਦੂਰ ਦੀ ਗੱਲ, ਪੁਲਿਸ ਕਰਮੀਆਂ ਨੇ ਇਸ ਹਿੰਸਾ ਨੂੰ ਕੰਟਰੋਲ ਕਰਨ ਲਈ ਵੀ ਕੋਈ ਕਦਮ ਨਹੀਂ ਉਠਾਏ। ਕਾਰਾਂ ਨੂੰ ਰੋਕਣ ਦੀ ਕੋਸ਼ਿਸ਼ ਕਰਨਾ ਤਾਂ ਦੂਰ ਦੀ ਗੱਲ ,ਪੁਲਿਸ ਕਰਮੀਆਂ ਨੇ ਪਹਿਲੀ ਮਹਿੰਦਰਾ ਥਾਰ ਐਸਯੂਵੀ ਕਾਰ ਦੇ ਸੜਕ ਦੇ ਬਾਹਰਲੇ ਪਾਸੇ ਸਲਿਪ ਹੋਣ ਤੋਂ ਪਹਿਲਾਂ ਇਸ ਵਿਚੋਂ ਨਿਕਲ ਕੇ ਭੱਜੇ ਜਾਂਦੇ ਦਿਖ ਰਹੇ ਦੋ ਜਣਿਆਂ ਨੂੰ ਫੜ੍ਹਨ ਦੀ ਕੋਈ ਕੋਸ਼ਿਸ਼ ਤੱਕ ਵੀ ਨਹੀਂ ਕੀਤੀ। ਉਥੇ ਘਟਨਾ ਸਥਲ ‘ਤੇ ਹਾਜ਼ਰ ਕਈ ਬੰਦਿਆਂ ਨੇ ਦੱਸਿਆ ਕਿ ਫੜਨ ਦੀ ਬਜਾਏ ਪੁਲਿਸ ਕਰਮੀਆਂ ਨੇ ਇਕ ਪਾਸੇ ਖੜ ਕੇ ਦੋਸ਼ੀਆਂ ਦੇ ਭੱਜਣ ਲਈ ਸੁਰੱਖਿਆ ਨਾਕਾ ਬਣਾਇਆ।

ਕਾਰਾਂ ਦੀ ਟੱਕਰ ਮਾਰ ਕੇ ਭੱਜਣ ਵਾਲੀ ਘਟਨਾ ਦੇ ਬਾਅਦ ਵੀ ਪੁਲਿਸ ਨੇ ਬਹੁਤ ਘੱਟ ਸਰਗਰਮੀ ਦਿਖਾਈ। ਪੁਲਿਸ ਬਲ ਕੋਲ ਜਖਮੀਆਂ ਨੂੰ ਮੈਡੀਕਲ ਸਹੂਲਤਾਂ ਪ੍ਰਦਾਨ ਦੇਣ ਲਈ ਕੋਈ ਇੰਤਜ਼ਾਮ ਨਹੀਂ ਸੀ ਅਤੇ ਨਾ ਹੀ ਅਜਿਹਾ ਇੰਤਜ਼ਾਮ ਕਰਨ ਲਈ ਤੁਰੰਤ ਕੋਈ ਕੋਸ਼ਿਸ਼ ਕੀਤੀ ਗਈ। ਮੈਡੀਕਲ ਸਹੂਲਤ ਲਈ ਸਭ ਤੋਂ ਨਜ਼ਦੀਕੀ ਸਥਾਨ ਤਿਕੋਨੀਆ (ਲਖੀਮਪੁਰ ਖੇੜੀ) ਦਾ ਪ੍ਰਾਇਮਰੀ ਹੈਲਥ ਸੈਂਟਰ ਸੀ ਜਿਥੇ ਇਕ ਤੇਜ਼ ਰਫਤਾਰ ਐਸਯੂਵੀ ਕਾਰ ਹੇਠ ਕੁਚਲੇ ਜਖਮੀ ਵਿਅਕਤੀ ਲਈ ਤਾਂ ਕੀ, ਇਕ ਆਮ ਸਧਾਂਰਨ ਮਰੀਜ਼ ਲਈ ਵੀ ਕੋਈ ਮੈਡੀਕਲ ਸਹੂਲਤ ਉਪਲੱਬਧ ਨਹੀਂ। ਭਾਵੇਂ ਕੁੱਝ ਸਮੇਂ ਬਾਅਦ ਇਕ ਐਂਬੂਲੈਂਸ਼ ਆਈ ਪਰ ਇੰਨੇ ਸਮੇਂ ਦੀ ਦੇਰੀ ਵੀ ਪੀੜ੍ਹਤਾਂ ਦੀ ਜਾਨ ਲਈ ਖਤਰਾ ਖੜ੍ਹਾ ਕਰ ਸਕਦੀ ਸੀ। ਬੁਰੀ ਤਰ੍ਹਾਂ ਜਖਮੀ ਹੋਏ ਵਿਅਕਤੀਆਂ ਨੂੰ ਮੈਡੀਕਲ ਸੈਂਟਰਾਂ ਤੇ ਹਸਪਤਾਲਾਂ ਤੱਕ ਲਿਜਾਣ ਲਈ ਕਿਸਾਨਾਂ ਨੇ ਖੁਦ ਵਾਹਨਾਂ ਦਾ ਇੰਤਜ਼ਾਮ ਕੀਤਾ। ਜਖਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਕੁੱਝ ਸਥਾਨਕ ਪੱਤਰਕਾਰਾਂ ਨੇ ਵੀ ਮਦਦ ਕੀਤੀ।





ਫੋਟੋ ਵਿਚ (ਖੱਬੇ ਤੋਂ ਸੱਜੇ) ਪ੍ਰਾਇਮਰੀ ਹੈਲਥ ਸੈਂਟਰ ਤਿਕੋਨੀਆ (ਲਖੀਮਪੁਰ ਖੇੜੀ) ਦੇ ਬਾਹਰ ਖੜ੍ਹੇ ਕੁਝ ਲੋਕ ; ਪ੍ਰਾਇਮਰੀ ਹੈਲਥ ਸੈਂਟਰ ਦੇ ਅੰਦਰ ਦੀ ਖਸਤਾ ਹਾਲਤ ਬਿਆਨ ਕਰਦਾ ਦਲਦਲ ਦਾ ਦ੍ਰਿਸ਼)

ਉਪ ਮੁੱਖ ਮੰਤਰੀ ਮੌਰਿਆਂ ਨੂੰ ਰਸੀਵ ਕਰਨ ਲਈ ਭੇਜੀ ਗਈ ਐਸ ਯੂ ਵੀ ਕਾਰ ਦੀ ਕਹਾਣੀ

2 ਅਕਤੂਬਰ ਨੂੰ ਸੋਧੀ ਹੋਈ ਨੋਟੀਫਿਕੇਸ਼ਨ ਜਾਰੀ ਹੋਣ ਦੇ ਬਾਵਜੂਦ ਦੋਸ਼ੀ -ਮੁੱਖ ਤੌਰ ‘ਤੇ ਅਜੇ ਕੁਮਾਰ ਮਿਸ਼ਰਾ ਅਤੇ ਅਸ਼ੀਸ਼ ਮਿਸ਼ਰਾ ਟੈਨੀ ਆਪਣੇ ਹੀ ਬਿਰਤਾਂਤ ‘ਤੇ ਕਾਇਮ ਰਹੇ ਹਨ। ਉਹ ਵਾਰ ਵਾਰ ਕਹਿੰਦੇ ਆ ਰਹੇ ਹਨ ਕਿ ਹੈਲੀਪੈਡ ਮੈਦਾਨ ਵੱਲ ਕਾਰਾਂ, ਦੰਗਲ ਪ੍ਰਤੀਯੋਗਤਾ ਦੇ ਸਬੰਧ ਵਿਚ ਆ ਰਹੇ ਉਪ ਮੁੱਖਮੰਤਰੀ ਮੌਰਿਯਾ ਨੂੰ ਰਸੀਵ ਕਰਨ ਲਈ ਭੇਜੀਆਂ ਸਨ। ਅਸ਼ੀਸ਼ ਮਿਸ਼ਰਾ ਉਰਫ ਮੋਨੂ, ਜਿਸ ਨੂੰ ਚਸ਼ਮਦੀਦਾਂ ਨੇ ਹਿੰਸਕ ਵਾਰਦਾਤ ਤੋਂ ਬਾਅਦ ਪਹਿਲੀ ਕਾਰ ਵਿਚੋਂ ਨਿਕਲ਼ ਕੇ ਭੱਜਦਾ ਦੇਖਿਆ, ਨੇ ਇਕ ਟੈਲੀਫੋਨ ਇੰਟਰਵਿਊ ਦੌਰਾਨ ਦਾਅਵਾ ਕੀਤਾ ਕਿ ਜਦੋਂ ਕਿ ਉਹ ਸਾਰੀ ਸ਼ਾਮ ਦੌਰਾਨ ਦੰਗਲ ਵਾਲੇ ਸਥਾਂਨ ‘ਤੇ ਹਾਜ਼ਰ ਸੀ, ਉਸ ਦੀ ਕਾਰ ਦੰਗਲ ਪ੍ਰਤੀਯੋਗਤਾ ਲਈ ਆ ਰਹੇ ‘ਖਾਸ ਵਿਅਕਤੀ’ ਨੂੰ ਰਸੀਵ ਕਰਨ ਲਈ ਭੇਜੀ ਗਈ ਸੀ। ਇਸ ਦੰਗਲ ਪ੍ਰਤੀਯੋਗਤਾ ਲਈ ਉਪ ਮੁੱਖਮੰਤਰੀ ਨੇ ਮੁੱਖ-ਮਹਿਮਾਨ ਬਣ ਕੇ ਆਉਣਾ ਸੀ।

ਇਸ ਤੋਂ ਵੀ ਅੱਗੇ, ਉਸ ਦਾ ਪਿਤਾ ਅਜੈ ਕੁਮਾਰ ਮਿਸ਼ਰਾ ਵਾਰਦਾਤ ਵਾਲੀ ਥਾਂ ‘ਤੇ ਆਂਪਣੇ ਪੁੱਤਰ ਦੀ ਕਾਰ ਦੀ ਹਾਜ਼ਰੀ ਅਤੇ ਹੋਈ ਹਿੰਸਾ ਨੂੰ ਜਾਇਜ਼ ਠਹਿਰਾਉਣ ਲਈ ਉਹੀ ਕਾਰਨ ਬਿਆਨ ਕਰਦਾ ਹੈ ਜੋ ਉਸ ਨੇ 4 ਅਕਤੂਬਰ ਦੀ ਸਵੇਰ ਨੂੰ ਕੀਤੀ ਆਪਣੀ ਪ੍ਰੈਸ ਕਾਨਫਰੰਸ ਵਿਚ ਦੱਸੇ ਸਨ। ਉਹ ਸਾਫ ਸਾਫ ਕਹਿੰਦਾ ਹੈ ਕਿ ਐਸਯੂਵੀ ਉਪ ਮੁੱਖਮੰਤਰੀ ਨੂੰ ਹੈਲੀਪੈਡ ‘ਤੇ ਰਸੀਵ ਕਰਨ ਲਈ ਭੇਜੀ ਜਾ ਰਹੀ ਸੀ।

ਇਸ ਮਸਲੇ ਵਿਚ ਪਿਉ-ਪੁਤਰ ਦੀ ਜੋੜੀ ਤੋਂ ਇਸ ਸਵਾਲ ਵਿਸ਼ੇਸ਼ ਤੌਰ ‘ਤੇ ਪੁਛਣਾ ਬਣਦਾ ਹੈ ਕਿ ਜੇਕਰ ਉਪ ਮੁੱਖ ਮੰਤਰੀ ਦੀ ਲਖੀਮਪੁਰ ਖੇੜੀ ਤੱਕ ਹੈਲੀਕਾਪਟਰ ਰਾਹੀ ਯਾਤਰਾ ਕਰਨ ਦਾ ਪ੍ਰੋਗਰਾਮ ਕਦੇ ਵੀ ਤੈਅ ਨਹੀਂ ਸੀ ਹੋਇਆ ਤਾਂ ਉਹ ਇਹ ਦਾਅਵਾ ਕਿਵੇਂ ਕਰਦੇ ਹਨ ਕਿ ਕਾਰਾਂ ਉਸ ਨੂੰ ਰਸੀਵ ਕਰਨ ਲਈ ਭੇਜੀਆਂ ਜਾ ਰਹੀਆਂ ਸਨ। ਇਹ ਲਗਾਤਾਰ ਬੋਲਿਆ ਜਾ ਰਿਹਾ ਝੂਠ, ਇਸ ਜੋੜੀ ਵੱਲੋਂ ਮੀਡੀਆ ਸਾਹਮਣੇ ਦਸਣ ਲਈ ਘੜੀ ਹੋਈ ਕਹਾਣੀ ‘ਤੇ ਸਵਾਲੀਆ ਚਿੰਨ ਲਾਉਂਦਾ ਹੈ।

ਅਜੈ ਮਿਸ਼ਰਾ ਟੈਨੀ ਕੌਣ ਹੈ ?

25 ਸਤੰਬਰ 2021 ਨੂੰ ਮੋਦੀ ਸਰਕਾਰ ਵਿੱਚ ਨਵੇਂ ਲਏ ਗਏ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਕਿਸਾਨਾਂ ਵੱਲੋਂ ਕਾਲੇ ਝੰਡੇ ਦਿਖਾ ਕੇ ਕੀਤੇ ਗਏ ਪ੍ਰਦਰਸ਼ਨ ਤੋਂ ਪਿੱਛੋਂ ਉਸ ਨੇ ਇੱਕ ਸਖ਼ਤ ਚਿਤਾਵਨੀ ਜਾਰੀ ਕੀਤੀ ਜੋ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਈ ।ਉਸ ਨੇ ਕਿਹਾ "ਮੇਰਾ ਸਾਹਮਣਾ ਕਰੋ ਮੈਂ ਤੁਹਾਨੂੰ ਦੋ ਮਿੰਟ ਵਿੱਚ ਸਿੱਧੇ ਕਰ ਦੇਵਾਂਗਾ ।ਜੇਕਰ ਮੈਂ ਆਪਣੀ ਗੱਡੀ ਤੋਂ ਉਤਰ ਜਾਂਦਾ ਤਾਂ ਉਨ੍ਹਾਂ(ਕਿਸਾਨਾਂ) ਨੂੰ ਭੱਜਦਿਆਂ ਨੂੰ ਥਾਂ ਨਹੀਂ ਥਿਆਉਣਾ ਸੀ ....ਲੋਕ ਮੇਰਾ ਪਿਛੋਕੜ ਜਾਣਦੇ ਨੇ। ਮੈਂ ਸਿਰਫ਼ ਇੱਕ ਮੰਤਰੀ ਜਾਂ ਐਮ ਪੀ ਅਤੇ ਐਮ ਐਲ ਏ ਨਹੀਂ ....ਜਿਹੜੇ ਲੋਕ ਮੈਨੂੰ ਸੰਸਦ ਚ ਆਉਣ ਤੋਂ ਪਹਿਲਾਂ ਦੇ ਜਾਣਦੇ ਨੇ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਚੁਣੌਤੀਆਂ ਤੋਂ ਕਦੇ ਵੀ ਭੱਜਦਾ ਨਹੀਂ ।ਜੇਕਰ ਮੈਂ ਉਨ੍ਹਾਂ ਨੂੰ ਆਪਣੀ ਤਾਕਤ ਦਿਖਾਉਣ ਦਾ ਫ਼ੈਸਲਾ ਕਰ ਲਿਆ ਤਾਂ ਉਨ੍ਹਾਂ ਨੂੰ ਸਿਰਫ਼ ਪਿੰਡ ਹੀ ਨਹੀਂ ਬਲਕਿ ਜ਼ਿਲ੍ਹਾ ਵੀ ਛੱਡਣਾ ਪੈਣਾ ਹੈ ।"18

ਇਸ ਟੀਮ ਨੇ ਇਹ ਜਾਨਣ ਲਈ ਦਸਤਾਵੇਜ਼ ਅਤੇ ਸਬੂਤ ਵੀ ਇਕੱਠੇ ਕੀਤੇ ਕਿ ਉਸ ਦਾ ਪਿਛੋਕੜ ਕੀ ਹੈ ਜਿਸ ਦੀ ਕਿ ਉਹ ਸ਼ੇਖ਼ੀ ਮਾਰਦਾ ਹੈ । ਅਜੇ ਕੁਮਾਰ ਮਿਸ਼ਰਾ ,ਜਿਸ ਨੂੰ ਇਲਾਕੇ ਵਿਚ ਟੈਨੀ ਮਹਾਰਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ , ਦਾ ਜਨਮ ਅਤੇ ਪਾਲਣ ਪੋਸ਼ਣ ਲਖੀਮਪੁਰ ਜ਼ਿਲ੍ਹੇ ਦੀ ਨਿਘਾਸਨ ਤਹਿਸੀਲ ਦੇ ਪਿੰਡ ਬਨਬੀਰ ਪੁਰ ਵਿਚ ਹੋਇਆ ਸੀ ।ਉਹ ਇਲਾਕੇ ਵਿੱਚ ਖੇਤੀ ਅਤੇ ਗ਼ੈਰ ਖੇਤੀ ਵਾਲੀ ਜ਼ਮੀਨ ਦੀਆਂ ਫਾਂਟਾਂ ਦਾ ਮਾਲਕ ਹੈ ।ਉਸ ਦੇ ਚੋਣ ਸਮੇਂ ਦੇ ਹਲਫੀਆ ਬਿਆਨ ਅਨੁਸਾਰ ਉਸ ਦੀ ਕੁੱਲ ਜਾਇਦਾਦ 19398293.81 ਰੁਪਏ ਅਤੇ ਉਸ ਦੀ ਪਤਨੀ ਦੀ ਜਾਇਦਾਦ 4517162 ਰੁਪਏ ਹੈ ।ਉਸ ਦੀਆਂ ਖੇਤੀ ਬਾੜੀ ਗ਼ੈਰ ਖੇਤੀਬਾੜੀ ਵਪਾਰਕ ਅਤੇ ਗੈਰ ਵਪਾਰਕ ਜਾਇਦਾਦਾਂ ਦਾ ਮੁੱਲ 12000000 ਰੁਪਏ ਹੈ ਜਦੋਂ ਕਿ ਉਸ ਦੀ ਪਤਨੀ ਦੀਆਂ ਜਾਇਦਾਦਾਂ ਦਾ ਮੁੱਲ 9380000 ਰੁਪਏ ਹੈ ।ਪਰਿਵਾਰ ਦਾ ਪਿੰਡ ਦੇ ਭਾਈਚਾਰੇ ਵਿੱਚ ਹਮੇਸ਼ਾਂ ਹੀ ਪ੍ਰਭਾਵਸ਼ਾਲੀ ਰੁਤਬਾ ਰਿਹਾ ਹੈ ਜਿਵੇਂ ਕਿ ਉਸਦਾ ਪਿਤਾ ਅੰਬਿਕਾ ਮਿਸ਼ਰਾ ਪਿੰਡ ਦਾ ਪ੍ਰਧਾਨ ਸੀ ਅਤੇ ਉਸ ਨੇ ਇਲਾਕੇ ਵਿੱਚ ਪਹਿਲੀ ਚੌਲਾਂ ਦੀ ਮਿੱਲ ਲਗਾਈ ਸੀ ।

ਰਿਪੋਰਟਾਂ ਅਨੁਸਾਰ ਹਰ ਕੋਈ ਉਸ ਦੇ ਅੰਧਕਾਰਮਈ ਪਿਛੋਕੜ ਤੋਂ ਜਾਣੂ ਹੈ ਪ੍ਰੰਤੂ ਕੋਈ ਵੀ ਉਸ ਦੇ ਖ਼ਿਲਾਫ਼ ਕਦੇ ਬੋਲਦਾ ਨਹੀਂ । ਚੋਣ ਰਾਜਨੀਤੀ ਵਿੱਚ ਉਸ ਦਾ ਅਸਲੀ ਪ੍ਰਵੇਸ਼ ਇੱਕ ਕਤਲ ਵਿਚ ਉਸ ਦੀ ਸ਼ਮੂਲੀਅਤ ਨਾਲ ਹੋਇਆ ਸੀ ।ਸੰਨ 2000 ਦੀਆਂ ਜ਼ਿਲ੍ਹਾ ਪੰਚਾਇਤ ਚੋਣਾਂ ਦੌਰਾਨ ਸਮਾਜਵਾਦੀ ਪਾਰਟੀ ਦਾ ਇਕ ਨੌਜਵਾਨ ਆਗੂ ਪ੍ਰਭਾਤ ਗੁਪਤਾ ਟੈਨੀ ਦੇ ਵਿਰੁੱਧ ਚੋਣ ਲੜ ਰਿਹਾ ਸੀ ।ਪ੍ਰਭਾਤ ਦੇ ਭਰਾ ਰਾਜੀਵ ਗੁਪਤਾ ਨੇ ਦੋਸ਼ ਲਾਇਆ ਕਿ 8 ਜੁਲਾਈ 2000 ਦੀ ਸ਼ਾਮ ਨੂੰ ਟੈਨੀ ਅਤੇ ਦੋ ਹੋਰਾਂ ਨੇ ਪ੍ਰਭਾਤ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਜਦੋਂ ਉਹ ਆਪਣੀ ਦੁਕਾਨ ਤੇ ਜਾਣ ਲਈ ਆਪਣੇ ਘਰ ਤੋਂ ਬਾਹਰ ਆ ਰਿਹਾ ਸੀ ।ਉਸ ਉੱਪਰ ਬਹੁਤ ਨੇੜੇ ਤੋਂ ਗੋਲੀਆਂ ਚਲਾਈਆਂ ਗਈਆਂ -ਇਕ ਪੁੜਪੁੜੀ ਤੇ ਅਤੇ ਇੱਕ ਉਸ ਦੀ ਛਾਤੀ ਅਤੇ ਪੇਟ ਦੇ ਵਿਚਕਾਰ ਲੱਗੀ -ਅਤੇ ਗੁਪਤਾ ਮੌਕੇ ਤੇ ਹੀ ਮਰ ਗਿਆ । ਰਾਜੀਵ ਗੁਪਤਾ ਨੇ ਟੈਨੀ ਦੇ ਖ਼ਿਲਾਫ਼ ਇਕ ਐਫਆਈਆਰ ਦਰਜ

ਕਰਵਾਈ ਪ੍ਰੰਤੂ ਉਸ ਨੂੰ ਕਦੇ ਵੀ ਗ੍ਰਿਫ਼ਤਾਰ ਨਾ ਕੀਤਾ ਗਿਆ ।ਜਦੋਂ ਰਾਜੀਵ ਨੇ ਉਸ ਦੀ ਗ੍ਰਿਫਤਾਰੀ ਦੇ ਹੁਕਮ ਦੇਣ ਲਈ ਉੱਚ ਅਦਾਲਤ ਵਿੱਚ ਅਰਜ਼ੀ ਦਿੱਤੀ ਤਾਂ ਉਸਨੇ ਮਜਿਸਟ੍ਰੇਟ ਸਾਹਮਣੇ ਆਤਮ ਸਮਰਪਣ ਕਰ ਦਿੱਤਾ ਪ੍ਰੰਤੂ ਬੇਨਤੀ ਕੀਤੀ ਕਿ ਉਸ ਨੂੰ ਹਸਪਤਾਲ ਭੇਜਿਆ ਜਾਵੇ ਕਿਉਂਕਿ ਉਸ ਦੀ ਸਿਹਤ ਖ਼ਰਾਬ ਹੈ ।ਉਸ ਨੂੰ ਹਸਪਤਾਲ ਭੇਜ ਦਿੱਤਾ ਗਿਆ ਅਤੇ ਅਗਲੇ ਦਿਨ ਅਦਾਲਤ ਵੱਲੋਂ ਉਸ ਨੂੰ ਜ਼ਮਾਨਤ ਦੇ ਦਿੱਤੀ ਗਈ ।ਕਤਲ ਕੇਸ ਵਿੱਚ ਮੁੱਖ ਮੁਲਜ਼ਮ ਹੋਣ ਦੇ ਬਾਵਜੂਦ ਉਸ ਨੇ ਅਜੇ ਤਕ ਇਕ ਦਿਨ ਵੀ ਹਵਾਲਾਤ ਵਿਚ ਨਹੀਂ ਬਿਤਾਇਆ ।ਉਸ ਨੂੰ ਅਤੇ ਤਿੰਨ ਹੋਰਾਂ ਨੂੰ ਮਾਰਚ 2004 ਵਿਚ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ।20 ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਸ ਜੱਜ ਨੇ ਆਪਣੀ ਸੇਵਾਮੁਕਤੀ ਤੋਂ ਸਿਰਫ ਇਕ ਦਿਨ ਪਹਿਲਾਂ ਬਰੀ ਕਰਨ ਦਾ ਹੁਕਮ ਦਿੱਤਾ ।ਇਸ ਫ਼ੈਸਲੇ ਵਿਰੁੱਧ ਰਾਜੀਵ ਗੁਪਤਾ ਦੀ ਅਪੀਲ ਅਲਾਹਾਬਾਦ ਉੱਚ ਅਦਾਲਤ ਵਿੱਚ ਸੁਣਵਾਈ ਅਧੀਨ ਪਈ ਹੈ ।ਮੁਕੱਦਮੇ ਦੀ ਜਾਂਚ ਕਰਨ ਵਾਲੇ ਅਫ਼ਸਰ ਨੇ ਟੈਨੀ ਦੀ ਉਸ ਤਾਕਤ ਬਾਰੇ ਲਿਖਿਆ ਸੀ ਜਿਹੜੀ ਉਹ ਉਸ ਸਮੇਂ ਦੇ ਐਮ ਐਲ ਏ ਅਤੇ ਭਾਰਤੀ ਜਨਤਾ ਪਾਰਟੀ ਵਿੱਚ ਦੂਸਰਿਆਂ ਨਾਲ ਨੇੜਤਾ ਹੋਣ ਕਰਕੇ ਇਲਾਕੇ ਵਿੱਚ ਰੱਖਦਾ ਸੀ ।ਉਸ ਨੇ ਕਿਹਾ ਕਿ ਪਿੰਡ ਵਿੱਚ ਕੋਈ ਵੀ ਉਸ ਦੇ ਖ਼ਿਲਾਫ਼ ਗਵਾਹੀ ਦੇਣ ਦਾ ਹੌਸਲਾ ਨਹੀਂ ਕਰ ਸਕਦਾ ਸੀ ਕਿਉਂਕਿ ਹਰ ਕੋਈ ਉਸ ਤੋਂ ਡਰਦਾ ਹੈ ।ਉਸ ਨੇ ਅੱਗੇ ਬਿਆਨ ਕੀਤਾ ਕਿ ਉਸ ਦੇ ਸਰੋਤਾਂ ਅਨੁਸਾਰ ਅਜੇ ਮਿਸ਼ਰਾ ਨੇਪਾਲ ਦੇ ਬਾਰਡਰ ਵਿਖੇ ਸਮੱਗਲਿੰਗ ਦੀਆਂ ਸਰਗਰਮੀਆਂ ਵਿੱਚ ਸ਼ਾਮਲ ਹੈ ਅਤੇ ਉਸ ਦੇ ਪਰਿਵਾਰ ਨੇ ਚੋਖਾ ਧਨ ਇਕੱਠਾ ਕੀਤਾ ਹੈ।[21] ਕੁਝ ਰਿਪੋਰਟਾਂ ਅਨੁਸਾਰ ਮਾਮਲੇ ਦੀ ਸੰਵੇਦਨਸ਼ੀਲ ਪ੍ਰਕਿਰਤੀ ਦੀ ਵਜ੍ਹਾ ਕਰਕੇ ਉਸ ਸਮੇਂ ਦੇ ਪ੍ਰਧਾਨਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਯੂਪੀ ਵਿੱਚ ਬੀਜੇਪੀ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਲਿਖਿਆ ਸੀ ਕਿ ਕਿ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ ਪ੍ਰੰਤੂ ਇਲਾਕੇ ਵਿਚ ਟੈਨੀ ਦੀ ਜਕੜ ਹੋਣ ਕਰਕੇ ਇਸ ਦਾ ਵੀ ਕੋਈ ਫ਼ਾਇਦਾ ਨਹੀਂ ਹੋਇਆ ।ਟੈਨੀ ਦੀ ਸ਼ਮੂਲੀਅਤ ਵਾਲੀਆਂ ਦੰਗਿਆਂ ,ਹਮਲਿਆਂ ਅਤੇ ਮੁਜਰਮਾਨਾ ਡਰਾਉਣ ਧਮਕਾਉਣ ਦੀਆਂ ਕਿੰਨੀਆਂ ਹੀ ਘਟਨਾਵਾਂ ਹੋਈਆਂ ਹਨ । ਘੱਟੋ ਘੱਟ ਅਜਿਹੀ ਇੱਕ ਘਟਨਾ ਵਿਚ ਐਫ ਆਈ ਆਰ ਦਰਜ ਕੀਤੀ ਗਈ ਸੀ ।ਪ੍ਰੰਤੂ ਪੁਲੀਸ ਦੁਆਰਾ ਇਸ ਦੀ ਪੈਰਵਾਈ ਜਾਂ ਜਾਂਚ ਨਹੀਂ ਕੀਤੀ ਗਈ ।[23] ਦੂਸਰੇ ਦੋਸ਼ਾਂ ਵਿਚ ਇਕ ਸਿੱਖ ਨੂੰ ਅਗਵਾ ਕਰਨਾ ਕੁੱਟਣਾ ਮਾਰਨਾ ਅਤੇ ਪਿੰਡ ਵਿਚ ਨੰਗੇ ਕਰਕੇ ਖੜ੍ਹਾਉਣਾ ਸ਼ਾਮਲ ਹੈ ।[24] ਤਿਕੋਨੀਆਂ ਦੇ ਲੋਕਾਂ ਨੇ ਵੀ ਦੋਸ਼ ਲਾਇਆ ਹੈ ਕਿ ਮਿਸ਼ਰਾ ਪਰਿਵਾਰ ਖੈਰ ਦਰੱਖਤ ਜੋ ਉਨ੍ਹਾਂ ਦਿਨਾਂ ਵਿੱਚ ਇਸ ਇਲਾਕੇ ਵਿਚ ਆਮ ਤੌਰ ਤੇ ਪਾਇਆ ਜਾਂਦਾ ਸੀ ,ਚੰਦਨ ਦੀ ਲੱਕੜੀ ਅਤੇ ਅਨਾਜ ਦੀ ਗੈਰ ਕਾਨੂੰਨੀ ਸਮੱਗਲਿੰਗ ਨਾਲ ਜੁੜਿਆ ਹੋਇਆ ਹੈ ।[25] ਇਕ ਤਾਜ਼ਾ ਮੁਲਾਕਾਤ ਵਿਚ ਉਸ ਨੇ ਕਿਹਾ ਕਿ ਪੁਲੀਸ ਨੇ ਬਦਨੀਤੀ ਨਾਲ ਉਸ ਦੇ ਪਿਛੋਕੜ ਦੀ ਫਰੋਲਾ ਫਰੋਲੀ ਕੀਤੀ ਹੈ ਪ੍ਰੰਤੂ ਬਹੁਤਾ ਕੁਝ ਨਹੀਂ ਕਰ ਸਕੀ ਕਿਉਂਕਿ ਉਹ ਬੇਕਸੂਰ ਹੈ ।[26]

ਅਜੇ ਮਿਸ਼ਰਾ ਦੀ ਹਰਮਨ ਪਿਆਰਤਾ ਦਾ ਇੱਕ ਹੋਰ ਕਾਰਨ 'ਜਨਤਾ ਦਰਬਾਰ' ਹੈ ਜਿਹੜਾ ਉਹ ਆਪਣੀ ਰਿਹਾਇਸ਼ ਵਿਖੇ ਹਰ ਰੋਜ਼ ਲਗਾਉਂਦਾ ਹੈ ।ਘਰ ਦੇ ਦਰਵਾਜ਼ੇ ਸਵੇਰੇ ਸੱਤ ਵਜੇ ਖੁੱਲ੍ਹ ਜਾਂਦੇ ਹਨ ਅਤੇ ਲੋਕ ਜਾਇਦਾਦ ਵਿਆਹ ਅਤੇ ਦੂਸਰੇ ਝਗੜੇ ਲੈ ਕੇ ਉਸ ਦੇ ਮੂਹਰੇ ਆਉਂਦੇ ਹਨ।ਕੁਝ ਨੇ ਕਿਹਾ ਕਿ ਉਹ ਖ਼ੁਸ਼ ਹਨ ਕਿ ਉਨ੍ਹਾਂ ਨੂੰ ਪੁਲਸ ਸਟੇਸ਼ਨ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਟੈਨੀ ਉਨ੍ਹਾਂ ਦੀ ਗੱਲ ਸੁਣਦਾ ਹੈ ਅਤੇ ਫ਼ੈਸਲੇ ਸੁਣਾਉਂਦਾ ਹੈ ਜਿਨ੍ਹਾਂ ਦੀ ਹਰ ਕੋਈ ਪਾਲਣਾ ਕਰਦਾ ਹੈ ।ਇੱਕ ਵਾਰ ਟੈਨੀ ਕੇਂਦਰੀ ਮੰਤਰੀ ਬਣ ਗਿਆ ਦਰਬਾਰ ਚਲਦਾ ਰਿਹਾ [27] ਪ੍ਰੰਤੂ ਉਸ ਦੇ ਪੁੱਤਰ ਅਸ਼ੀਸ਼ ਨੇ ਇਸ ਦੀ ਪ੍ਰਧਾਨਗੀ ਕਰਨੀ ਸ਼ੁਰੂ ਕਰ ਦਿੱਤੀ ਜਦੋਂ ਟੈਨੀ ਉੱਥੇ ਨਾ ਹੁੰਦਾ।[28]

ਅਜੇ ਮਿਸ਼ਰਾ ਨੇ 2005 ਵਿੱਚ ਜ਼ਿਲ੍ਹਾ ਪੰਚਾਇਤ ਮੈਂਬਰ ਦੀ ਚੋਣ ਜਿੱਤਣ ਰਾਹੀਂ 2000 ਦੇ ਆਰੰਭ ਵਿੱਚ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ ਸੀ ।2009 ਵਿੱਚ ਉਸ ਨੇ ਬੀਜੇਪੀ ਦੀ ਟਿਕਟ ਤੇ ਨਿਘਾਸਨ ਹਲਕੇ ਤੋਂ ਵਿਧਾਨ ਸਭਾ ਚੋਣਾਂ ਲੜੀਆਂ ਸਨ ਪ੍ਰੰਤੂ ਉਸ ਨੂੰ ਚੌਥਾ ਸਥਾਨ ਮਿਲਿਆ ਸੀ । 2012 ਵਿਚ ਮਿਸ਼ਰਾ ਨੇ ਸੀਟ ਜਿੱਤ ਲਈ ਅਤੇ 2014 ਅਤੇ2019 ਵਿਚ ਉਸ ਨੇ ਚੋਣ ਲੜੀ ਅਤੇ ਖੀਰੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਬਣਿਆ । ਜੁਲਾਈ 2021 ਵਿਚ ਕੈਬਨਿਟ ਦੇ ਰੱਦੋ ਬਦਲ ਅਤੇ ਵਾਧੇ ਸਮੇਂ ਉਸ ਨੂੰ ਗ੍ਰਹਿ ਰਾਜ ਮੰਤਰੀ ਬਣਾਇਆ ਗਿਆ ।

ਅਸ਼ੀਸ਼ ਮਿਸ਼ਰਾ ਦੀ ਗ੍ਰਿਫਤਾਰੀ ਤੋਂ ਬਾਅਦ

3 ਅਕਤੂਬਰ ਦੀ ਘਟਨਾ ਤੋਂ ਪਿੱਛੋਂ ਤਿਕੋਨੀਆਂ ਪੁਲਸ ਥਾਣੇ ਵਿਚ ਇਕ ਐਫ ਆਈ ਆਰ 219/2021 ਅਸ਼ੀਸ਼ ਮਿਸ਼ਰਾ ਉਰਫ ਮੋਨੂੰ ਅਤੇ ਪੰਦਰਾਂ ਵੀਹ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ਼ ਦਰਜ ਕੀਤੀ ਗਈ ਸੀ ।[29] ਐਫ ਆਈ ਆਰ ਵਿਚ ਕਤਲ ਲਈ ਧਾਰਾ 302, ਲਾਪ੍ਰਵਾਹੀ ਨਾਲ ਗੱਡੀ ਚਲਾਉਣ ਦੇ ਕਾਰਨ ਮੌਤ ਹੋਣ ਲਈ, 304-A, ਮੁਜਰਮਾਨਾ ਸਾਜ਼ਿਸ਼ ਲਈ 120B ਅਤੇ ਦੰਗਾ ਕਰਨ ਲਈ 147,ਘਾਤਕ ਹਥਿਆਰਾਂ ਨਾਲ ਹਥਿਆਰਬੰਦ ਹੋ ਕੇ ਦੰਗਾ ਕਰਨ ਲਈ 148, ਗ਼ੈਰਕਾਨੂੰਨੀ ਸਭਾ ਦਾ ਮੈਂਬਰ ਹੋਣ ਲਈ 149,ਲਾਪ੍ਰਵਾਹੀ ਨਾਲ ਗੱਡੀ ਚਲਾਉਣ ਲਈ 279,ਬੇਹੱਦ ਤੇਜ਼ ਜਾਂ ਲਾਪ੍ਰਵਾਹੀ ਨਾਲ ਕੋਈ ਕਾਰਵਾਈ ਕਰਨ ਰਾਹੀਂ ,ਜਿਸ ਦੇ ਨਾਲ ਮਨੁੱਖੀ ਜੀਵਨ ਨੂੰ ਖਤਰਾ ਪੈਦਾ ਹੁੰਦਾ ਹੋਵੇ ,ਕਿਸੇ ਵਿਅਕਤੀ ਨੂੰ ਗੰਭੀਰ ਚੋਟ ਪਹੁੰਚਾਉਣ ਲਈ 338 ਸਮੇਤ ਹੋਰਨਾਂ ਸਜ਼ਾਯੋਗ ਧਾਰਾਵਾਂ ਦੇ ਸ਼ਾਮਲ ਸਨ । ਸ਼ਿਕਾਇਤ ਇਹ ਵੀ ਕਹਿੰਦੀ ਹੈ ਕਿ ਇਹ ਘਟਨਾ ਅਜੇ ਮਿਸ਼ਰਾ ਟੈਨੀ ਅਤੇ ਉਸ ਦੇ ਬੇਟੇ ਅਸ਼ੀਸ਼ ਮਿਸ਼ਰਾ ਦੀ ਪਹਿਲਾਂ ਤੋਂ ਸੋਚੀ ਸਮਝੀ ਸਾਜ਼ਿਸ਼ ਸੀ।ਫਿਰ ਵੀ

ਪੁਲੀਸ ਵੱਲੋਂ ਫੌਰੀ ਤੌਰ ਤੇ ਕੋਈ ਗ੍ਰਿਫ਼ਤਾਰੀਆਂ ਨਾ ਕੀਤੀਆਂ ਗਈਆਂ । 6 ਅਕਤੂਬਰ ਨੂੰ ਭਾਰਤ ਦੀ ਸਰਵਉੱਚ ਅਦਾਲਤ ਨੇ ਘਟਨਾ ਦੀ ਨਿਰਪੱਖ ਜਾਂਚ ਨੂੰ ਯਕੀਨੀ ਬਣਾਉਣ ਲਈ ਦਾਇਰ ਕੀਤੀਆਂ ਗਈਆਂ ਜਨਹਿੱਤ ਤੇ ਕਾਨੂੰਨੀ ਕਾਰਵਾਈ ਕੀਤੀ ਅਤੇ ਮਸਲੇ ਨੂੰ ਇਕ ਬੈਂਕ ਰਾਹੀਂ ਸੁਣੇ ਜਾਣ ਲਈ ਦਰਜ ਕਰ ਲਿਆ ਜਿਸ ਵਿਚ ਮੁੱਖ ਜੱਜ ਐਨ ਵੀ ਰਮੰਨਾ ,ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਸੂਰੀਆ ਕਾਂਤ ਸ਼ਾਮਲ ਸਨ ।ਸੱਤ ਅਕਤੂਬਰ ਨੂੰ ਬੈਂਚ ਨੇ ਉੱਤਰ ਪ੍ਰਦੇਸ਼ ਰਾਜ ਲਈ ਹਾਜ਼ਰ ਹੋਣ ਵਾਲੇ ਐਡਵੋਕੇਟ ਜਨਰਲ ਨੂੰ ਉਸ ਸਮੇਂ ਤੱਕ ਕੀਤੀ ਗਈ ਜਾਂਚ ਦੀ ਰਿਪੋਰਟ ਦੀ ਤਾਜ਼ਾ ਸਥਿਤੀ ਦਾਇਰ ਕਰਨ ਲਈ ਕਿਹਾ ।ਇਸੇ ਸਮੇਂ ਰਾਜ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਉਹ ਵਿਸ਼ੇਸ਼ ਜਾਂਚ ਟੀਮ ਅਤੇ ਅਲਾਹਾਬਾਦ ਹਾਈ ਕੋਰਟ ਦੇ ਸੇਵਾਮੁਕਤ ਜੱਜ ਪ੍ਰਦੀਪ ਕੁਮਾਰ ਸ੍ਰੀਵਾਸਤਵਾ ਅਧੀਨ ਇਕ ਨਿਆਂਇਕ ਕਮਿਸ਼ਨ ਦਾ ਗਠਨ ਕਰੇਗੀ।[30] ਅੱਠ ਅਕਤੂਬਰ ਨੂੰ ਸੁਣਵਾਈ ਦੌਰਾਨ ਸਰਬਉੱਚ ਅਦਾਲਤ ਨੇ ਰਾਜ ਵੱਲੋਂ ਦਰਜ ਕਰਵਾਈ ਗਈ ਰਿਪੋਰਟ ਤੇ ਆਪਣੀ ਅਸੰਤੁਸ਼ਟੀ ਜ਼ਾਹਰ ਕੀਤੀ ।ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਕਿਹਾ ਕਿ ਉਨ੍ਹਾਂ ਨੇ ਪੁੱਛਗਿੱਛ ਲਈ ਅਸ਼ੀਸ਼ ਮਿਸ਼ਰਾ ਨੂੰ ਬੁਲਾਇਆ ਸੀ ਅਤੇ ਬੈਂਚ ਨੇ ਪੁੱਛਿਆ ਸੀ ਕਿ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਬਜਾਏ ਬੁਲਾਇਆ ਕਿਉਂ ਜਾ ਰਿਹਾ ਸੀ ।[31] 9 ਅਕਤੂਬਰ ਨੂੰ ਐੱਸ ਆਈ ਟੀ ਵੱਲੋਂ ਬਾਰਾਂ ਘੰਟੇ ਦੀ ਪੁੱਛਗਿੱਛ ਤੋਂ ਪਿੱਛੋਂ ਅੰਤ ਨੂੰ ਗ੍ਰਿਰਫ਼ਤਾਰ ਕਰ ਲਿਆ ਗਿਆ ।ਉਸ ਦੇ ਨਾਲ ਦੋ ਹੋਰ ਵਿਅਕਤੀਆਂ ਅਸ਼ੀਸ਼ ਪਾਂਡੇ ਅਤੇ ਲਵ ਕੁਸ਼ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ।

ਉਸ ਦੀ ਗ੍ਰਿਫ਼ਤਾਰੀ ਤੋਂ ਪਿੱਛੋਂ ਪਹਿਲੀ ਵਾਰ ਉਸ ਨੂੰ12 ਅਕਤੂਬਰ ਨੂੰ ਪੁਲੀਸ ਹਿਰਾਸਤ ਵਿਚ ਭੇਜਿਆ ਗਿਆ ਅਤੇ ਉਸ ਦਾ ਪੁਲੀਸ ਰਿਮਾਂਡ 12 ਅਕਤੂਬਰ ਤੋਂ ਸ਼ੁਰੂ ਹੋ ਕੇ 15 ਅਕਤੂਬਰ ਨੂੰ ਸਮਾਪਤ ਹੋਣਾ ਸੀ ਤੇ13 ਅਕਤੂਬਰ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਨੇ ਉਸ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਉਸੇ ਦਿਨ ਅਸ਼ੀਸ਼ ਦੇ ਮਿੱਤਰ ਅੰਕਤ ਦਾਸ ਅਤੇ ਅੰਕਿਤ ਦੇ ਬਾਡੀਗਾਰਡ ਲਤੀਫ਼ ਅਤੇ ਉਸ ਦੇ ਡਰਾਈਵਰ ਸ਼ੇਖਰ ਭਾਰਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ।ਰਿਪੋਰਟਾਂ ਅਨੁਸਾਰ ਅਸ਼ੀਸ਼ ਮਿਸ਼ਰਾ ਇਸ ਘਟਨਾ ਦੌਰਾਨ ਆਪਣੇ ਥਾਂ ਟਿਕਾਣੇ ਬਾਰੇ ਕਈ ਨੁਕਤਿਆਂ ਦੀ ਵਿਆਖਿਆ ਕਰਨ ਦੇ ਅਯੋਗ ਰਿਹਾ ।ਗਵਾਹਾਂ ਨੇ ਦੱਸਿਆ ਕਿ ਉਹ ਉਸ ਸਮਾਰੋਹ ਚੋਂ ਗਾਇਬ ਸੀ ਜਿਵੇਂ ਕਿ ਉਸ ਨੇ ਬਿਆਨ ਕੀਤਾ ਸੀ ਕਿ ਉਹ ਸ਼ਾਮ ਦੇ 2 ਅਤੇ4 ਵਜੇ ਦੇ ਦਰਮਿਆਨ ਦੰਗਲ ਵਿਖੇ ਹਾਜ਼ਰ ਸੀ ,ਪ੍ਰੰਤੂ ਉਸਦੇ ਫੋਨ ਦੀ ਸਥਿਤੀ ਉਸ ਨੂੰ ਜੁਰਮ ਦੇ ਸਥਾਨ ਦੇ ਨੇੜੇ ਦਿਖਾਉਂਦੀ ਸੀ ਅਤੇ ਉਸ ਦੁਆਰਾ ਕੀਤਾ ਗਿਆ ਵਰਣਨ ਐਸਯੂਵੀ ਦੇ ਡਰਾਈਵਰ ,ਜਿਸ ਨੇ ਕਿਸਾਨਾਂ ਨੂੰ ਕੁਚਲਿਆ ਸੀ, ਦੇ ਨਾਲ ਮੇਲ ਨਹੀਂ ਖਾਂਦਾ ਜਾਪਦਾ ਸੀ।[32]

18 ਅਕਤੂਬਰ ਨੂੰ ਕ੍ਰਾਈਮ ਬ੍ਰਾਂਚ ਨੇ ਸੁਮਿਤ ਜੈਸਵਾਲ, ਨੰਦਨ ਸਿੰਘ ਬਿਸ਼ਟ ,ਸੱਤਿਆ ਪ੍ਰਕਾਸ਼ ਤ੍ਰਿਪਾਠੀ, ਸ਼ੀਸ਼ੂਪਾਲ ਨੂੰ ਗ੍ਰਿਫ਼ਤਾਰ ਕਰ ਲਿਆ । ਸੁਮਿਤ ਜੈਸਪਾਲ ਵਿਰੋਧੀ ਐੱਫ ਆਈ ਆਰ ਦਾ ਸ਼ਿਕਾਇਤ ਕਰਤਾ ਵੀ ਹੈ ਜਿਹੜੀ ਕਿ 4 ਅਕਤੂਬਰ ਨੂੰ ਅਗਿਆਤ ਸ਼ਰਾਰਤੀ ਅਨਸਰਾਂ ਦੇ ਖ਼ਿਲਾਫ਼ ਦਰਜ ਕੀਤੀ ਗਈ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ 3 ਕਾਰਾਂ ਰੈਸਲਿੰਗ ਮੈਚ ਲਈ ਮੁੱਖ ਮਹਿਮਾਨ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ ਦਾ ਸਵਾਗਤ ਕਰਨ ਲਈ ਆਪਣੇ ਰਸਤੇ ਤੇ ਜਾ ਰਹੀਆਂ ਜਦੋਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੇ ਗੱਡੀਆਂ ਨੂੰ ਰੋਕਿਆ ਅਤੇ ਉਨ੍ਹਾਂ ਤੇ ਹਮਲਾ ਕੀਤਾ ।ਸਤਿਆ ਪ੍ਰਕਾਸ਼ ਤੋਂ ਇਕ ਲਾਇਸੰਸੀ ਰਿਵਾਲਵਰ ਬਰਾਮਦ ਕੀਤਾ ਗਿਆ ਸੀ ।[33] ਬਾਅਦ ਵਿਚ ਹਿੰਦੋਸਤਾਨ ਟਾਈਮਜ਼ ਨੇ ਰਿਪੋਰਟ ਦਿੱਤੀ ਸੀ ਕਿ ਇਕ ਰਾਈਫਲ, ਇਕ ਰਿਪੀਟਰ ਗੰਨ ਅਤੇ ਇਕ ਪਿਸਤੌਲ ਅਸ਼ੀਸ਼ ਮਿਸ਼ਰਾ ਅੰਕਿਤ ਦਾਸ ਅਤੇ ਲਤੀਫ਼ ਤੋਂ ਬਰਾਮਦ ਕੀਤਾ ਗਿਆ ਸੀ ।[34] ਮੋਹਿਤ ਤ੍ਰਿਵੇਦੀ ,ਰੰਕੂ ਰਾਣਾ, ਧਰਮਿੰਦਰਾ 23 ਅਕਤੂਬਰ ਨੂੰ ਗ੍ਰਿਫ਼ਤਾਰ ਕੀਤੇ ਗਏ ।[35]

ਐਮ ਓ ਐਸ ਅਜੈ ਮਿਸ਼ਰਾ ਟੇਨੀ ਤੋਂ ਪੁੱਛਗਿੱਛ ਨਹੀਂ ਕੀਤੀ ਗਈ ਅਤੇ ਨਾ ਹੀ ਉਸ ਨੂੰ ਇਸ ਐਫ ਆਈ ਆਰ ਦੀ ਧਾਰਾ 120 ਬੀ ਤਹਿਤ ਮੁਲਜ਼ਮ ਬਣਾਇਆ ਗਿਆ ਹੈ ।ਅਸ਼ੀਸ਼ ਮਿਸ਼ਰਾ ਨੂੰ ਉਸ ਦੀ ਗ੍ਰਿਫਤਾਰੀ ਤੋਂ ਦੋ ਹਫ਼ਤੇ ਪਿੱਛੋਂ 24 ਅਕਤੂਬਰ ਨੂੰ ਜ਼ਿਲ੍ਹਾ ਜੇਲ੍ਹ ਤੋਂ ਸਰਕਾਰੀ ਹਸਪਤਾਲ ਵਿਚ ਤਬਦੀਲ ਕਰ ਦਿੱਤਾ ਗਿਆ ਕਿਉਂਕਿ ਕਥਿਤ ਤੌਰ ਤੇ ਉਹ ਡੇਂਗੂ ਦੇ ਲੱਛਣ ਦਿਖਾ ਰਿਹਾ ਸੀ ,ਭਾਵੇਂ ਡੇਂਗੂ ਦੀ ਰਿਪੋਰਟ ਅਜੇ ਆਉਣੀ ਸੀ ।[36] ਉਸ ਦੀ ਸਿਹਤ ਵਿੱਚ ਸੁਧਾਰ ਹੋਣ ਪਿੱਛੋਂ 26 ਅਕਤੂਬਰ ਨੂੰ ਉਸ ਨੂੰ ਵਾਪਸ ਜੇਲ੍ਹ ਭੇਜ ਦਿੱਤਾ ਗਿਆ । ਜੇਲ੍ਹ ਸੁਪਰਡੈਂਟ ਨੇ ਦੱਸਿਆ ਕਿ ਹੁਣ ਉਸ ਦਾ ਇਲਾਜ ਜੇਲ੍ਹ ਹਸਪਤਾਲ ਵਿਖੇ ਹੋ ਰਿਹਾ ਹੈ । ਸੈਸ਼ਨ ਕੋਰਟ ਨੇ ਉਸ ਦੀ ਜ਼ਮਾਨਤ ਅਰਜ਼ੀ 15 ਨਵੰਬਰ ਨੂੰ ਮੁੜ ਰੱਦ ਕਰ ਦਿੱਤੀ ।

ਅਸ਼ੀਸ਼ ਦੇ ਵਕੀਲ ਦਾ ਤਰਕ ਰਿਹਾ ਹੈ ਕਿ ਉਹ ਟਿਕੁਨੀਆ -ਬਨਵੀਰ ਪੁਰ ਸੜਕ ਵਿਖੇ ਜੁਰਮ ਦੇ ਸਥਾਨ ਤੇ ਕਦੇ ਵੀ ਹਾਜ਼ਰ ਨਹੀਂ ਸੀ ਕਿਉਂਕਿ ਉਹ ਆਪਣੇ ਪਿੰਡ ਵਿਚ ਰੈਸਲਿੰਗ ਦੇ ਪ੍ਰੋਗਰਾਮ ਵਿੱਚ ਹਾਜ਼ਰ ਸੀ ।

20 ਅਕਤੂਬਰ ਨੂੰ ਸਰਬਉੱਚ ਅਦਾਲਤ ਨੇ ਰਾਜ ਨੂੰ ਦੱਸਿਆ ਕਿ ਉਸ ਦਾ ਇਹ ਪ੍ਰਭਾਵ ਬਣਿਆ ਹੈ ਕਿ ਪੁਲੀਸ ਜਾਂਚ ਚੋਂ ਆਪਣਾ ਪੱਲਾ ਝਾੜ ਰਹੀ ਹੈ। ਅਦਾਲਤ ਨੇ ਨੇ ਸਰਕਾਰ ਦੇ ਵਕੀਲਾਂ ਨੂੰ ਪੁੱਛਿਆ ਕਿ ਧਾਰਾ 164 ਸੀ ਆਰ ਪੀਸੀ ਤਹਿਤ ਸਿਰਫ਼ 4 ਗਵਾਹਾਂ ਦੇ ਬਿਆਨ ਹੀ ਕਿਉਂ ਦਰਜ ਕੀਤੇ ਗਏ ਜਦੋਂ ਕਿ ਕੁੱਲ 44 ਗਵਾਹ ਹਨ ।[39]

ਉਨ੍ਹਾਂ ਨੇ ਸੀਨੀਅਰ ਵਕੀਲ ਹਰੀਸ਼ ਸਾਲਵੇ ਨੂੰ ਇਹ ਵੀ ਪੁੱਛਿਆ ਕਿ ਤਾਜ਼ਾ ਸਥਿਤੀ ਸਬੰਧੀ ਰਿਪੋਰਟ ਇਕ ਸੀਲਬੰਦ ਲਿਫ਼ਾਫ਼ੇ ਵਿਚ ਕਿਉਂ ਪੇਸ਼ ਕੀਤੀ ਗਈ ਹੈ ਜਦੋਂ ਕਿ ਉਸ ਨੂੰ ਅਜਿਹਾ ਕਰਨ ਲਈ ਬੈਂਚ ਨੇ ਨਹੀਂ ਕਿਹਾ ਸੀ ।15 ਅਕਤੂਬਰ ਨੂੰ ਸਰਬਉੱਚ ਅਦਾਲਤ ਨੇ ਕਿਹਾ ਕਿ ਉਸ ਦਾ ਐਸ ਆਈ ਟੀ ਵਿੱਚ ਵਿਸ਼ਵਾਸ ਨਹੀਂ ਹੈ ਜੋ ਰਾਜ ਸਰਕਾਰ ਵੱਲੋਂ ਸਥਾਪਤ ਕੀਤੀ ਗਈ ਕਿਉਂਕਿ ਇਸ ਵਿੱਚ ਕੋਈ ਸੀਨੀਅਰ ਪੁਲੀਸ ਆਫ਼ਸਰ ਨਹੀਂ ਹੈ ਅਤੇ ਸਰਕਾਰ ਨੂੰ ਯੂਪੀ ਕਾਡਰ ਦੇ ਉਨ੍ਹਾਂ ਆਈ ਪੀ ਐੱਸ ਆਫਸਰਾਂ ਦੇ ਨਾਂਅ ਲੈਣ ਲਈ ਕਿਹਾ ਜਿਹੜੇ ਰਾਜ ਦੇ ਬਾਸ਼ਿੰਦੇ ਨਹੀਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਹਾਈ ਕੋਰਟ ਜਾਂ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦਾ ਨਾਂ ਦੇਣਗੇ ਜੋ ਜਾਂਚ ਦਾ ਨਿਰੀਖਣ ਕਰੇਗਾ ।[40]

17 ਨਵੰਬਰ ਨੂੰ ਉਨ੍ਹਾਂ ਨੇ ਪੰਜਾਬ ਅਤੇ ਰਾਣਾ ਹਰਿਆਣਾ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਰਾਕੇਸ਼ ਕੁਮਾਰ ਜੈਨ ਨੂੰ ਨਿਯੁਕਤ ਕਰ ਦਿੱਤਾ ਅਤੇ ਮਿਸਟਰ ਸ਼ਿਰੋਡਕਰ, ਮਿਸਟਰ ਦੀਪਿੰਦਰ ਸਿੰਘ ਐਂਡ ਪਦਮਾਜਾ ਚੌਹਾਨ ਇਹ ਤਿੰਨ ਪੁਲੀਸ ਅਫ਼ਸਰ ਵੀ ਗਠਿਤ ਕੀਤੀਗਈ ਐਸਆਈਟੀ ਵਿੱਚ ਹੋਣਗੇ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ,

"ਇਹ ਅਦਾਲਤ ਘਟਨਾ ਦੀ ਨਿਰਪੱਖ, ਸਾਫ਼ ਸੁਥਰੀ, ਨਿਆਂਇਕ ਅਤੇ ਸੰਪੂਰਨ ਜਾਂਚ ਦੀ ਗਰੰਟੀ ਦੇਣ ਬਾਰੇ ਵੀ ਸਾਮਾਨ ਰੂਪ ਚ ਫ਼ਿਕਰਮੰਦ ਹੈ ਜਿਸ ਦਾ ਸਿੱਟਾ ਪ੍ਰਦਰਸ਼ਨਕਾਰੀਆਂ ਅਤੇ ਕੁਝ ਦੂਸਰੇ ਲੋਕਾਂ ਦੀਆਂ ਜ਼ਿੰਦਗੀਆਂ ਦੇ ਅਜਿਹੇ ਦੁਖਾਂਤਕ ਅੰਤ ਵਿਚ ਨਿਕਲਿਆ ਹੈ ।ਇਸ ਤੋਂ ਪਹਿਲਾਂ ਅਸੀ ਹੁਣ ਤਕ ਕੀਤੀ ਗਈ ਜਾਂਚ ਦੀ ਧੀਮੀ ਰਫਤਾਰ, ਢੰਗ ਅਤੇ ਸਿੱਟੇ ਅਤੇ ਮਸਲੇ ਦੀ ਜਾਂਚ ਦੀ ਜ਼ਿੰਮੇਵਾਰੀ ਵਾਲੀ ਐਸਆਈਟੀ ਦੀ ਬਣਤਰ ਬਾਰੇ ਵੀ ਅਪ੍ਰਵਾਨਗੀ ਪ੍ਰਗਟ ਕਰ ਚੁੱਕੇ ਹਾਂ। ਅਜਿਹੇ ਅਪਰਾਧਾਂ ਦੀ ਜਾਂਚ ਕਰਦਿਆਂ ਸਿਰਫ਼ ਇਨਸਾਫ਼ ਹੀ ਨਹੀਂ ਦਿੱਤਾ ਜਾਣਾ ਚਾਹੀਦਾ ਭਲ੍ਕੇ ਇਨਸਾਫ ਕੀਤਾ ਗਿਆ ਦਿਖਾਈ ਦੇਣਾ ਚਾਹੀਦਾ ਹੈ ਅਤੇ ਸਮਝ ਆਉਣਾ ਚਾਹੀਦਾ ਹੈ।ਇਸ ਲਈ ਨਿਆਂਇਕ ਪ੍ਰਣਾਲੀ ਦੇ ਫ਼ੌਜਦਾਰੀ ਪ੍ਰਸ਼ਾਸਨ ਵਿਚ ਲੋਕਾਂ ਦੇ ਭਰੋਸੇ ਅਤੇ ਵਿਸ਼ਵਾਸ ਨੂੰ ਕਾਇਮ ਕਰਨ ਲਈ ਇਸ ਤੋਂ ਪਿੱਛੋਂ ਅਸੀਂ ਐੱਸਆਈਟੀ ਦੇ ਮੁੜ ਗਠਨ ਕਰਨ ਨੂੰ ਢੁੱਕਵਾਂ ਸਮਝਦੇ ਹਾਂ ।"[41]

ਤੱਥ ਖੋਜ ਟੀਮ ਕਈ ਚਸ਼ਮਦੀਦ ਗਵਾਹਾਂ ਨੂੰ ਮਿਲੀ ਜਿਨ੍ਹਾਂ ਨੇ ਆਪਣੇ ਬਿਆਨ ਸੀ ਆਰ ਪੀਸੀ ਦੀ ਧਾਰਾ164 ਅਧੀਨ ਵੀ ਦਰਜ ਕਰਾਏ ਸਨ। ਉਨ੍ਹਾਂ ਨੇ ਦੋਸ਼ ਲਾਇਆ ਕਿ ਅਸ਼ੀਸ਼ ਮਿਸ਼ਰਾ ਮੋਨੂੰ ਥਾਰ ਜੀਪ ਵਿੱਚ ਮੌਜੂਦ ਸੀ ।ਇਕ ਤੋਂ ਵੱਧ ਵਿਅਕਤੀਆਂ ਨੂੰ ਜਦੋਂ ਪੁੱਛਿਆ ਗਿਆ ਕਿ ਜੀਪ ਦੇ ਕਿਸਾਨਾਂ ਨੂੰ ਕੁਚਲਣ ਪਿੱਛੋਂ ਪਹਿਲੀ ਗੱਲ ਉਨ੍ਹਾਂ ਨੇ ਕਿਹੜੀ ਸੁਣੀ ,ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਸੁਣਿਆ "ਮੋਨੂੰ ਨੇ ਦਰੜ ਦਿੱਤੇ " "ਟੈਨੀ ਦੇ ਮੁੰਡੇ ਨੇ ਗੱਡੀ ਚੜ੍ਹਾ ਦਿੱਤੀ"।

ਇਕ ਹੋਰ ਚਸ਼ਮਦੀਦ ਗਵਾਹ ਨੇ ਦੋਸ਼ ਲਾਇਆ ਕਿ ਮੰਤਰੀ ਦੇ ਪੁੱਤਰ ਅਸ਼ੀਸ਼ ਨੇ ਉਸ ਦੀ ਗੱਡੀ ਪਲਟ ਜਾਣ ਤੋਂ ਪਿੱਛੋਂ ਭੱਜਣ ਦੀ ਕੋਸ਼ਿਸ਼ ਕੀਤੀ । ਉਹ ਸੜਕ ਪਾਰ ਕਰ ਕੇ ਪੁਲੀਸ ਵਾਲਿਆਂ ਦੇ ਇੱਕ ਗਰੁੱਪ ਵੱਲ ਗਿਆ ਜਿਨ੍ਹਾਂ ਨੇ ਉਸ ਨੂੰ ਪਨਾਹ ਦਿੱਤੀ ਅਤੇ ਉਸ ਦੀ ਗੰਨੇ ਦੇ ਖੇਤਾਂ ਵਿਚ ਬਚ ਨਿਕਲਣ ਚ ਮਦਦ ਕੀਤੀ ।ਉਸ ਨੇ ਇਹ ਵੀ ਕਿਹਾ ਕਿ ਮੋਨੂੰ ਦੇ ਪਾਸ ਇੱਕ ਹਥਿਆਰ ਸੀ ਅਤੇ ਕਿਸਾਨਾਂ ਨੂੰ ਦੂਰ ਰੱਖਣ ਲਈ ਉਹ ਹਵਾ ਵਿੱਚ ਲਗਾਤਾਰ ਫਾਇਰ ਕਰ ਰਿਹਾ ਸੀ ।ਟੀਮ ਨੂੰ ਇਹ ਵੀ ਪਤਾ ਲੱਗਿਆ ਕਿ ਮੋਨੂੰ ਨੂੰ 24 ਅਕਤੂਬਰ ਦੇ ਕਰਵਾ ਚੌਥ ਦੇ ਤਿਉਹਾਰ ਦੌਰਾਨ ਆਪਣੇ ਪਰਿਵਾਰ ਨਾਲ ਮਿਲਣ ਦੀ ਸਹੂਲਤ ਦੇਣ ਲਈ ਹਸਪਤਾਲ ਵਿੱਚ ਤਬਦੀਲ ਕੀਤਾ ਗਿਆ ।ਸਥਾਨਕ ਲੋਕ ਮਿਸ਼ਰਾ ਪਰਿਵਾਰ ਦੇ ਨਿਜ਼ਾਮ ਨੂੰ ਆਪਣੇ ਹਿੱਤ ਵਿੱਚ ਵਰਤਣ ਲਈ ਬਹੁਤ ਜ਼ਿਆਦਾ ਰਸੂਖ ਅਤੇ ਸਮਰੱਥਾ ਬਾਰੇ ਗੱਲ ਕਰਦੇ ਸਨ।

ਪਰਿਵਾਰਾਂ ਨੂੰ ਮਿਲਣਾ

ਟੀਮ ਰਮਨ ਕਸ਼ਿਪ, ਲਵਪ੍ਰੀਤ ਸਿੰਘ, ਨਛੱਤਰ ਸਿੰਘ, ਦਲਜੀਤ ਸਿੰਘ ਅਤੇ ਗੁਰਵਿੰਦਰ ਸਿੰਘ ਦੇ ਪਰਿਵਾਰਾਂ ਨੂੰ ਮਿਲੀ।



ਰਮਣ ਸਾਧਨਾ ਨਿਊਜ਼ ਲਈ ਕੰਮ ਕਰਦਾ ਸੀ ।ਉਹ ਲਗਪਗ ਪੰਜ ਮਹੀਨੇ ਪਹਿਲਾਂ ਸਾਧਨਾ ਨਾਲ ਜੁੜਿਆ ਸੀ ਪ੍ਰੰਤੂ ਉਸ ਦੇ ਪਰਿਵਾਰ ਨੂੰ ਨਿਯੁਕਤੀ ਦਾ ਕੋਈ ਰਸਮੀ ਪੱਤਰ ਨਹੀਂ ਮਿਲਿਆ ਸੀ ।

ਰਮਨ ਦੀ ਪਤਨੀ ਨੇ ਘਟਨਾ ਵਾਲੇ ਦਿਨ ਨੂੰ ਚੇਤੇ ਕੀਤਾ ,ਉਹ ਉਸ ਦਿਨ ਕਿਸਾਨ ਪ੍ਰਦਰਸ਼ਨ ਦੀ ਰਿਪੋਰਟ ਲੈਣ ਲਗਭਗ 1 ਵਜੇ ਘਰੋਂ ਗਿਆ ਸੀ । ਉਨ੍ਹਾਂ ਨੂੰ ਟੀ ਵੀ ਸਮਾਚਾਰ ਤੋਂ ਘਟਨਾ ਅਤੇ ਕਤਲਾਂ ਬਾਰੇ ਪਤਾ ਲੱਗਿਆ ਅਤੇ ਉਨ੍ਹਾਂ ਨੇ ਰਮਨ ਨੂੰ ਉਸ ਦੇ ਮੋਬਾਇਲ ਤੇ ਫੋਨ ਕਰਨਾ ਸ਼ੁਰੂ ਕੀਤਾ। ਜਦੋਂ ਉਸ ਨੇ ਕੋਈ ਉੱਤਰ ਨਾ ਦਿੱਤਾ ਤਾਂ ਉਨ੍ਹਾਂ ਨੇ ਉਸ ਦੇ ਮਿੱਤਰਾਂ ਦੇ ਨੰਬਰਾਂ ਤੇ ਕੋਸ਼ਿਸ਼ ਕੀਤੀ ਪ੍ਰੰਤੂ ਉਨ੍ਹਾਂ ਨੂੰ ਕੋਈ ਸੂਚਨਾ ਨਹੀਂ ਮਿਲੀ ਸੀ ਰਮਨ ਦਾ ਭਰਾ ਪਵਨ ਨੈਨੀਤਾਲ ਵਿੱਚ ਸੀ ਉਸ ਨੂੰ ਸ਼ਾਮ ਦੇ ਲਗਪਗ ਪੰਜ ਵਜੇ ਵ੍ਹੱਟਸਐਪ ਸੰਦੇਸ਼ਾਂ ਤੋਂ ਘਟਨਾ ਬਾਰੇ ਪਤਾ ਲੱਗਿਆ ਅਤੇ ਉਸ ਨੇ ਆਪਣੇ ਭਰਾ ਨੂੰ ਫੋਨ ਕੀਤਾ ਪ੍ਰੰਤੂ ਉਸ ਦਾ ਫੋਨ ਬੰਦ ਸੀ ।ਉਸ ਨੇ ਆਪਣੇ ਪਿਤਾ ਨੂੰ ਫੋਨ ਕੀਤਾ ਅਤੇ ਫਿਰ ਰਮਨ ਦੀ ਫੋਟੋ ਵ੍ਹੱਟਸਐਪ ਉੱਤੇ ਪਾ ਕੇ ਸੂਚਨਾ ਦੇਣ ਲਈ ਬੇਨਤੀ ਕੀਤੀ ।ਉਹ ਉਸੇ ਰਾਤ ਵਾਪਸ ਆ ਗਿਆ ਅਤੇ ਪਰਿਵਾਰ ਨੇ ਰਮਨ ਦੀ ਤਲਾਸ਼ ਕਰਨੀ ਸ਼ੁਰੂ ਕੀਤੀ ।ਸਵੇਰ ਦੇ ਤਿੰਨ ਵਜੇ ਉਨ੍ਹਾਂ ਨੂੰ ਐੱਸ ਐੱਚ ਓ ਦੀ ਬਿਨਾ ਤੇ ਇੱਕ ਫੋਨ ਆਇਆ ਕਿ ਉਹ ਮੁਰਦਾਘਾਟ ਆ ਜਾਣ।

ਉਨ੍ਹਾਂ ਨੇ ਰਮਨ ਦੀ ਮ੍ਰਿਤਕ ਦੇਹ ਦੀ ਪਛਾਣ ਕੀਤੀ ।ਉਸ ਦਾ ਸਰੀਰ ਬੁਰੀ ਤਰ੍ਹਾਂ ਵਲੂੰਧਰਿਆ ਹੋਇਆ ਸੀ ਜਿਵੇਂ ਕਿ ਉਸ ਨੂੰ ਕਿਸੇ ਖਰਬੇ ਤਲ ਦੇ ਉੱਪਰ ਘਸੀਟਿਆ ਗਿਆ ਹੋਵੇ ।ਉਸ ਦੇ ਕੱਪੜੇ ਪਾਟੇ ਹੋਏ ਸਨ ਅਤੇ ਉਸ ਦੇ ਸਿਰ ਵਿਚ ਚੋਟ ਸੀ ਅਤੇ ਇਕ ਤਾਜ਼ਾ ਖ਼ੂਨ ਦਾ ਨਿਸ਼ਾਨ ਸੀ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਸ ਨੂੰ ਡਾਕਟਰੀ ਸਹਾਇਤਾ ਨਹੀਂ ਮਿਲੀ ,ਮਰਨ ਲਈ ਛੱਡ ਦਿੱਤਾ ਗਿਆ ਅਤੇ ਪੁਲੀਸ ਨੇ ਉਸ ਨੂੰ ਹਸਪਤਾਲ ਲਿਜਾਣ ਦੀ ਬਜਾਏ,ਉਸ ਦੇ ਸਰੀਰ ਨੂੰ ਮੁਰਦਾ ਘਾਟ ਭੇਜ ਦਿੱਤਾ।ਇੱਕ ਵਾਰ ਪੋਸਟਮਾਰਟਮ ਸਮਾਪਤ ਹੋਣ ਅਤੇ ਪਰਿਵਾਰ ਵੱਲੋਂ ਦੇਹ ਪ੍ਰਾਪਤ ਕਰਨ ਤੇ ਉਨ੍ਹਾਂ ਨੂੰ ਸੰਦੇਸ਼ ਪ੍ਰਾਪਤ ਹੋਣੇ ਸ਼ੁਰੂ ਹੋ ਗਏ ਕਿ ਉਹ ਇਹ ਕਹਿਣ ਕਿ ਰਮਨ ਨੂੰ ਕਾਰ ਨੇ ਨਹੀਂ ਕੁਚਲਿਆ ਸੀ ਬਲਕਿ ਕਿਸਾਨਾਂ ਵੱਲੋਂ ਅੱਤਿਆਚਾਰ ਕਰ ਕੇ ਮਾਰਿਆ ਗਿਆ ਹੈ ।

ਰਮਨ ਦੇ ਪਿਤਾ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ।ਪਰਿਵਾਰ ਨੂੰ ਕਈ ਸੰਦੇਸ਼ ਪ੍ਰਾਪਤ ਹੋਏ ਅਤੇ ਉਹ ਬੇਹੱਦ ਦਬਾਅ ਥੱਲੇ ਸਨ ।ਫਿਰ ਵੀ ਉਹ ਝੁਕੇ ਨਾ ।"ਮੈਂ ਕਿਵੇਂ ਝੂਠ ਬੋਲ ਸਕਦਾ ਸੀ ਜਦੋਂ ਮੈਂ ਆਪਣੀਆਂ ਅੱਖਾਂ ਨਾਲ ਆਪਣੇ ਪੁੱਤਰ ਦੀ ਦੇਹ ਨੂੰ ਦੇਖਿਆ ਸੀ ਜਿਹੜੀ ਇਹ

ਦਿਖਾਉਂਦੀ ਸੀ ਕਿ ਉਸ ਨੂੰ ਟਾਇਰਾਂ ਹੇਠ ਕੁਚਲਿਆ ਗਿਆ ਸੀ ",ਪਿਤਾ ਨੇ ਕਿਹਾ ।ਇਸ ਦਬਾਅ ਕਰਕੇ ਪਰਿਵਾਰ ਬਹੁਤ ਜ਼ਿਆਦਾ ਤਣਾਅ ਹੇਠ ਸੀ ।ਉਨ੍ਹਾਂ ਨੂੰ ਧਨ ਦੀ ਬਹੁਤ ਵੱਡੀ ਰਾਸ਼ੀ ਦੀ ਵੀ ਪੇਸ਼ਕਸ਼ ਕੀਤੀ ਗਈ ਸੀ ,ਇਹ ਗੱਲ ਕੁਝ ਸਥਾਨਕ ਲੋਕਾਂ ਵੱਲੋਂ ਕਹੀ ਗਈ ਜਿਨ੍ਹਾਂ ਨੇ ਸਾਡੇ ਨਾਲ ਪਰਿਵਾਰ ਦੇ ਘਰ ਵਿਖੇ ਗੱਲ ਕੀਤੀ ਸੀ।

ਕੁਝ ਹਿੰਦੂਤਵੀ ਟੋਲਿਆਂ ਨੇ ਬੀ ਜੇ ਪੀ ਦੇ ਤਿੰਨ ਵਰਕਰਾਂ ਦੀ ਮੌਤ ਤੇ ਰੋਸ ਪ੍ਰਗਟ ਕਰਨ ਲਈ ਸ਼ਹਿਰ ਵਿੱਚ ਜਲੂਸ ਕੱਢੇ। ਉਨ੍ਹਾਂ ਵੱਲੋਂ, ਇਹ ਦਿਖਾਉਣ ਦੀ ਕੋਸ਼ਿਸ਼ ਵਿਚ ਕਿ ਕਿਸਾਨਾਂ ਵੱਲੋਂ ਉਨੀ ਹੀ ਗਿਣਤੀ ਵਿੱਚ ਹਿੰਦੂ ਮਾਰੇ ਗਏ ਹਨ, ਰਮਨ ਦੀ ਫੋਟੋ ਵੀ ਚੁੱਕੀ ਹੋਈ ਸੀ।ਫਿਰ ਵੀ ਰਮਨ ਦੇ ਪਰਿਵਾਰ ਵੱਲੋਂ ਉਨ੍ਹਾਂ ਨੂੰ ਉਨ੍ਹਾਂ ਦੇ ਪੁੱਤਰ ਦੀ ਤਸਵੀਰ ਨੂੰ ਵਰਤਣ ਤੋਂ ਰੋਕਿਆ ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਰਮਨ ਵੀ ਇਕ ਕਿਸਾਨ ਸੀ ਜਿਸ ਨੂੰ ਉਸ ਕਾਰ ਦੁਆਲਾ ਕੁਚਲਿਆ ਗਿਆ ਜਿਹੜੀ ਕਿ ਅਜੇ ਮਿਸ਼ਰਾ ਪਰਵਾਰ ਦੀ ਸੀ ।

ਰਮਨ ਦਾ ਪਿਤਾ ਇੱਕ ਛੋਟਾ ਕਿਸਾਨ ਹੈ ਅਤੇ ਸਾਰੇ ਛੋਟੇ ਕਿਸਾਨਾਂ ਦੀ ਤਰ੍ਹਾਂ ਉਸ ਉੱਪਰ ਵੀ ਚਾਰ ਲੱਖ ਦੇ ਲਗਪਗ ਕਰਜ਼ਾ ਹੈ ।"ਕੋਈ ਵੀ ਕਿਸਾਨ ਅਜਿਹਾ ਨਹੀਂ ਜਿਸ ਉੱਪਰ ਕਰਜ਼ਾ ਨਾ ਖੜ੍ਹਾ ਹੋਵੇ ",ਪਿਤਾ ਵੈਰਾਗਵਾਨ ਸੀ




ਘਟਨਾ ਤੋਂ ਲਗਪਗ 25 ਦਿਨ ਬਾਅਦ ਜਦੋਂ ਅਸੀਂ ਲਵਪ੍ਰੀਤ ਦੇ ਪਰਿਵਾਰ ਕੋਲ ਗਏ ਤਾਂ ਉਹ ਅਜੇ ਵੀ ਸਦਮੇ ਵਿੱਚ ਸੀ ।ਉਸ ਦਾ ਪਿਤਾ ਸਤਨਾਮ ਸਿੰਘ ਚੁੱਪ ਚਾਪ ਬੈਠਾ ਹੋਇਆ ਸੀ ਸਿਰਫ਼ ਕਦੀ ਕਦੀ ਆਪਣਾ ਸਿਰ ਹਿਲਾਉਂਦਾ ਸੀ ਸ਼ਾਇਦ ਉਸ ਨੂੰ ਇਹ ਯਕੀਨ ਨਹੀਂ ਸੀ ਕਿ ਉਸ ਦੀ ਦੁਨੀਆਂ ਉਲਟੀ ਪੁਲਟੀ ਹੋ ਗਈ ਹੈ ।ਸਾਨੂੰ ਪਤਾ ਲੱਗਿਆ ਕਿ ਲਵਪਰੀਤ ਉਨ੍ਹਾਂ ਦਾ ਇਕਲੌਤਾ ਪੁੱਤਰ ਸੀ ਅਤੇ ਉਹ ਉਸ ਨੂੰ ਵਿਦੇਸ਼ ਭੇਜਣ ਦੀਆਂ ਆਸਾਂ ਲਾਈ ਬੈਠੇ ਸਨ ।ਉਸ ਦੀ ਮਾਂ ਗਮਗੀਨ ਸੀ, ਉਹ ਬਚ ਸਕਦਾ ਸੀ ਜੇਕਰ ਉਸ ਨੂੰ ਇਲਾਕੇ ਵਿੱਚ ਡਾਕਟਰੀ ਸਹਾਇਤਾ ਮਿਲੀ ਹੁੰਦੀ।ਉਸ ਦੇ ਮਿੱਤਰ ਉਸ ਨੂੰ ਨਿਗਾਸਾਨ ਤਹਿਸੀਲ ਵਿਚ ਕਮਿਊਨਿਟੀ ਹੈਲਥ ਸੈਂਟਰ ਵਿਖੇ ਲੈ ਗਏ ਸਨ ਜਿੱਥੇ ਉਹ ਜਿਊਂਦਾ ਸੀ ਪ੍ਰੰਤੂ ਤਸੀਹਾਜਨਕ ਦਰਦ ਵਿੱਚ ਸੀ ।",ਸਿੰਘ ਨੇ ਕਿਹਾ ।

ਉਹ ਲਖੀਮਪੁਰ ਦੇ ਹਸਪਤਾਲ ਜਾਂਦਿਆਂ ਰਸਤੇ ਚ ਦਮ ਤੋੜ ਗਿਅਾ ਜਿੱਥੇ ਪਹੁੰਚਣ ਲਈ ਦੋ ਘੰਟੇ ਲੱਗਣੇ ਸਨ ।

ਗੱਲਬਾਤ ਵਿਚ ਮੋਹਰੀ ਉਸ ਦੇ ਦਾਦਾ ਜੀ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਦੀ ਖੜ੍ਹੀ ਜੀਰੀ ਦੀ ਫਸਲ ਬੇਵਕਤੀ ਵਰਖਾ ਨੇ ਬਰਬਾਦ ਕਰ ਦਿੱਤੀ ਹੈ ।ਰਾਜ ਸਰਕਾਰ ਨੇ ਪੱਚੀ ਸੌ ਰੁਪਏ ਪ੍ਰਤੀ ਏਕੜ ਮੁਅਾਵਜ਼ੇ ਦਾ ਅੈਲਾਨ ਕੀਤਾ ਹੈ ਜਿਸ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਚਾਰ ਏਕੜ ਦੇ ਖੇਤ ਲਈ

ਦੱਸ ਹਜ਼ਾਰ ਰੁਪਏ ਮਿਲਣਗੇ ਜਿਸ ਦੇ ਨਾਲ ਉਨ੍ਹਾਂ ਦੀ ਗਲ ਸੜ ਰਹੀ ਫ਼ਸਲ ਨੂੰ ਖੇਤ ਚੋਂ ਸਾਫ ਕਰਨ ਦੀ ਮਜ਼ਦੂਰੀ ਵੀ ਪੂਰੀ ਨਹੀਂ ਹੋਣੀ ।ਜਿਉਂ ਹੀ ਉਸ ਨੇ ਛੋਟੇ ਕਿਸਾਨ ਦੇ ਦਰਦਾਂ ਨੂੰ ਬਿਆਨ ਕੀਤਾ ,ਉਸ ਦੇ ਅਣਗਿਣਤ ਘਾਟਿਆਂ ਨੂੰ ,ਅਸੀਂ ਉਨ੍ਹਾਂ ਦੇ ਘਰ ਉਪਰ ਉੱਡ ਰਹੇ ਕਿਸਾਨ ਯੂਨੀਅਨ ਦੇ ਝੰਡੇ ਨੂੰ ਦੇਖਿਆ ।



ਨਛੱਤਰ ਸਿੰਘ ਇਕ ਹੋਰ ਛੋਟਾ ਕਿਸਾਨ ਸਵੱਖਤੇ ਹੀ ਉਸ ਜਗ੍ਹਾ ਲਈ ਚਲਾ ਗਿਆ ਸੀ ਜਿੱਥੇ ਕਿਸਾਨ ਪ੍ਰਦਰਸ਼ਨ ਕਰਨ ਲਈ ਇਕੱਠੇ ਹੋ ਰਹੇ ਸਨ ।'ਘੱਟੋ ਘੱਟ ਇੰਨਾ ਤਾਂ ਅਸੀਂ ਕਰ ਸਕਦੇ ਹਾਂ 'ਦਿੱਲੀ ਨਾ ਜਾ ਸਕਣ ਤੇ ਅਫਸੋਸ ਕਰਦਿਆਂ ਉਸ ਨੇ ਆਪਣੀ ਪਤਨੀ ਨੂੰ ਕਿਹਾ ਸੀ ਕਿਉਂਕਿ ਪਰਿਵਾਰ ਵਿੱਚ ਖੇਤੀ ਕਰਨ ਵਾਲਾ ਉਹ ਕੱਲਮ ਕੱਲਾ ਸੀ ।ਜਦੋਂ ਪਰਿਵਾਰ ਨੇ ਕਤਲੇਆਮ ਬਾਰੇ ਸੁਣਿਆ ਕਿ ਉਹ ਜ਼ਖ਼ਮੀ ਹੋ ਗਿਆ ਹੈ ਅਤੇ ਲਖੀਮਪੁਰ ਹਸਪਤਾਲ ਵਿਚ ਲਿਜਾਇਆ ਗਿਆ ਹੈ ਤਾਂ ਉਹ ਹਸਪਤਾਲ ਵੱਲ ਚੱਲ ਪਏ ਜਿੱਥੇ ਉਨ੍ਹਾਂ ਨੂੰ ਸਿਰਫ਼ ਉਸ ਦਾ ਮ੍ਰਿਤਕ ਸਰੀਰ ਮਿਲਿਆ।ਜਦੋਂ ਉਸ ਨੂੰ ਹਸਪਤਾਲ ਲਿਆਂਦਾ ਗਿਆ ਸੀ ਉਹ ਜ਼ਿੰਦਾ ਸੀ ਪ੍ਰੰਤੂ ਉਸ ਨੂੰ ਕੋਈ ਇਲਾਜ ਨਾ ਮਿਲਿਆ ਅਤੇ ਦਮ ਤੋੜ ਗਿਆ ।ਜਦੋਂ ਉਨ੍ਹਾਂ ਨੇ ਉਸ ਨੂੰ ਹਸਪਤਾਲ ਵਿੱਚ ਦੇਖਿਆ ਤਾਂ ਉਸ ਦੇ ਵੱਖਰੀ ਪਗੜੀ ਸੀ -ਕਿਸੇ ਨੇ ਉਸ ਦਾ ਸਿਰ ਢੱਕ ਦਿੱਤਾ ਸੀ ।ਜਦੋਂ ਥਾਰ ਨੇ ਉਸ ਨੂੰ ਜ਼ੋਰ ਦੀ ਟੱਕਰ ਮਾਰੀ ਸੀ ਤਾਂ ਉਹ ਹਵਾ ਵਿੱਚ ਉੱਡ ਗਿਆ ਸੀ ਉਸ ਦੀ ਪਗੜੀ ਉਤਰ ਗਈ ਸੀ ਉਸ ਦੇ ਪੁੱਤਰ ਨੂੰ ਇਹ ਘਟਨਾ ਵਾਲੀ ਥਾਂ ਤੇ ਦੋ ਦਿਨਾਂ ਬਾਅਦ ਮਿਲੀ ਸੀ ਅਤੇ ਇੱਕ ਦਰੱਖਤ ਉੱਤੇ ਟੰਗੀ ਹੋਈ ਸੀ ।

ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਪਾਸ ਬੀਜੇਪੀ ਤੋਂ ਸਿਵਾਏ ਸਾਰੀਆਂ ਵੱਡੀਆਂ ਰਾਜਨੀਤਕ ਪਾਰਟੀਆਂ ਤੋਂ ਮਿਲਣ ਵਾਲੇ ਅਤੇ ਯੂ ਪੀ ਅਤੇ ਪੰਜਾਬ ਤੋਂ ਆਗੂ ਆਏ । ਉਨ੍ਹਾਂ ਨੇ ਆਪਣੇ ਮੁਸਲਿਮ ਗੁਆਂਢੀਆਂ ਵੱਲੋਂ ਪ੍ਰਾਪਤ ਹੋਈ ਹਮਾਇਤ ਨੂੰ ਤਸਲੀਮ ਕੀਤਾ ਅਤੇ ਸਿੱਖਾਂ ਅਤੇ ਦੂਸਰੀਆਂ ਘੱਟਗਿਣਤੀਆਂ ਵਿਰੁੱਧ ਦਿੱਤੇ ਜਾ ਰਹੇ ਫਿਰਕੂ ਬਿਆਨਾਂ ਤੇ ਅਫ਼ਸੋਸ ਜ਼ਾਹਰ ਕੀਤਾ ।ਉਨ੍ਹਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਪਿੰਡ ਵਿਚ ਉਹ ਸਾਰੇ ਕਿਸਾਨ ਹਨ- ਸਿੱਖ ,ਮੁਸਲਮਾਨ- ਅਤੇ ਉਹ ਮਿਲ ਜੁਲ ਕੇ ਰਹਿੰਦੇ ਹਨ



ਦਲਜੀਤ ਸਿੰਘ ਕਿਸਾਨ ਲਹਿਰ ਦਾ ਹਮਾਇਤੀ ਸੀ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਜਥੇਬੰਦ ਕੀਤੀਆਂ ਗਈਆਂ ਸਥਾਨਕ ਪੱਧਰ ਦੀਆਂ ਮੀਟਿੰਗਾਂ ਚ ਭਾਗ ਲੈਂਦਾ ਰਿਹਾ ਸੀ ।ਉਹ ਗਾਜ਼ੀਪੁਰ ਬਾਰਡਰ ਤੇ ਵੀ ਹੋ ਆਇਆ ਸੀ । ਉਹ ਇਕ ਸੀਮਾਂਤ ਕਿਸਾਨ ਸੀ ਜਿਸ ਦੀ ਆਪਣੀ ਲਗਪਗ ਦੋ ਏਕੜ ਜ਼ਮੀਨ ਸੀ ।ਉਹ ਖੇਤੀ ਲਈ ਹੋਰ ਜ਼ਮੀਨ ਠੇਕੇ ਤੇ ਲਿਆ ਕਰਦਾ ਸੀ ।ਮੂਲ ਰੂਪ ਵਿੱਚ ਉਸ ਦਾ ਪਰਿਵਾਰ ਪੱਛਮੀ ਪੰਜਾਬ ਵਿੱਚ ਲਾਇਲਪੁਰ ਤੋਂ ਸੀ ।ਉਨੀ ਸੌ ਸੰਤਾਲੀ ਦੀ ਵੰਡ ਪਿੱਛੋਂ ਉਹ ਪਹਿਲਾਂ ਕਰਨਾਲ ਆਏ ਤੇ ਬਾਅਦ ਵਿਚ ਇਸ ਇਲਾਕੇ ਵਿੱਚ ਵਸ ਗਏ ।

ਆਪਣੇ ਘਰ ਕਈ ਵਾਰ ਮੁਰਾਦਾਬਾਦ ਤੋਂ ਤਰਾਈ ਬਦਲਦੇ ਰਹੇ ।ਉਸ ਦਾ ਚੌਦਾਂ ਸਾਲਾ ਪੁੱਤਰ ਪਿੰਡ ਦੇ ਸਕੂਲ ਵਿਚ ਪੜ੍ਹਦਾ ਹੈ ਅਤੇ ਉਸ ਦੀ ਪੁੱਤਰੀ ਲਖਨਊ ਵਿਖੇ ਨਰਸਿੰਗ ਦੀ ਡਿਗਰੀ ਕਰ ਰਹੀ ਹੈ ।ਉਸ ਦੇ ਭਰਾ ਜਗਜੀਤ ਟੀਮ ਨੂੰ ਦੱਸਿਆ ਕਿ ਇਸ ਇਲਾਕੇ ਵਿਚ ਮੰਡੀ ਨਹੀਂ ਹੈ ਅਤੇ ਕਿਸਾਨਾਂ ਨੂੰ ਆਪਣੀ ਜੀਰੀ ਕੋਈ 1100 ਤੋਂ13000 ਪ੍ਰਤੀ ਕੁਇੰਟਲ ਦੇ ਵਿਚਕਾਰ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ ਜਦੋਂ ਕੇ ਐਮ ਐਸ ਪੀ 1900 ਤੋਂ ਵੱਧ ਹੈ।ਕਿਸਾਨ ਬੇਹੱਦ ਤਣਾਅ ਹੇਠ ਹਨ ਇਹੀ ਕਾਰਨ ਹੈ ਕਿ ਇਸ ਲਹਿਰ ਨੂੰ ਬੇਹੱਦ ਹਮਾਇਤ ਮਿਲ ਰਹੀ ਹੈ ।"ਪੰਜਾਬੀ ਤਰਾਈ ਇਲਾਕੇ ਵਿੱਚ ਕਿਸਾਨ ਲਹਿਰ ਦੀ ਹਮਾਇਤ ਕਰ ਰਹੇ ਹਨ ਪ੍ਰੰਤੂ ਗ਼ੈਰ ਪੰਜਾਬੀ ਕਿਸਾਨ ਵੀ ਪੂਰੇ ਦਿਲੋਂ ਲਹਿਰ ਦੀ ਮਦਦ ਕਰ ਰਹੇ ਹਨ ।ਤਿੱਨ ਅਕਤੂਬਰ ਨੂੰ ਪੰਜਾਬੀ ਕਿਸਾਨਾਂ ਦੇ ਪੰਜ ਤੋਂ ਵੱਧ ਮੋਟਰਸਾਈਕਲ ਨਹੀਂ ਸਨ ਪ੍ਰੰਤੂ ਗੈਰ ਪੰਜਾਬੀ ਸਥਾਨਕ ਕਿਸਾਨਾਂ ਦੇ ਦੇ ਦੋ ਸੌ ਤੋਂ ਵੱਧ ਮੋਟਰ ਸਾਇਕਲ ਸਨ ਜਿਹੜੇ ਉਪ ਮੁੱਖ ਮੰਤਰੀ ਦੇ ਦੌਰੇ ਮੌਕੇ ਪ੍ਰਦਰਸ਼ਨ ਕਰਨ ਲਈ ਤਿਕੁਨੀਆ ਗਏ ਸਨ ।"ਜਗਜੀਤ ਸਿੰਘ ਨੇ ਕਿਹਾ ।ਪ੍ਰਦਰਸ਼ਨ ਮੌਕੇ ਦਲਜੀਤ ਸਿੰਘ ਦਾ ਪੁੱਤਰ ਵੀ ਉਸ ਦੇ ਨਾਲ ਸੀ ।ਅਤੇ ਜਦੋਂ ਕਾਤਲ ਗੱਡੀ ਦੇ ਟਾਇਰਾਂ ਹੇਠ ਉਸ ਨੂੰ ਕੁਚਲਿਆ ਗਿਆ ਉਸਦਾ ਉਸਦੇ ਪੁੱਤਰ ਨੇ ਆਪਣੇ ਪਿਤਾ ਨੂੰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜਦਿਆਂ ਦੇਖਿਆ ਸੀ ।

ਉਸ ਦੇ ਘਰ ਵਿਖੇ ਦਲਜੀਤ ਸਿੰਘ ਦੇ ਬਾਹਰਲੇ ਕਮਰੇ ਵੱਡੇ ਪੁਲਸ ਦਲ ਨੇ ਮੱਲੇ ਹੋਏ ਸਨ।ਉਹ ਕਥਿਤ ਤੌਰ ਤੇ ਪਰਿਵਾਰ ਨੂੰ ਸੁਰੱਖਿਆ ਦੇਣ ਲਈ ਉੱਥੇ ਸਨ ,ਪ੍ਰੰਤੂ ਉਹ ਪਰਿਵਾਰ ਨੂੰ ਮਿਲਣ ਲਈ ਆਉਣ ਵਾਲਿਆਂ ਤੇ ਨਜ਼ਰ ਰੱਖ ਰਹੇ ਸਨ ।ਤੱਥ ਖੋਜ ਟੀਮ ਦੀ ਪੁਲਿਸ ਨਾਲ ਸੰਖੇਪ ਜਿਹੀ ਕਹਾ ਸੁਣੀ ਹੋਈ ਜਦੋਂ ਉਨ੍ਹਾਂ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਬੇਲੋੜੇ ਸੁਆਲ ਪੁੱਛੇ ।



ਗੁਰਵਿੰਦਰ ਸਿੰਘ, ਨਾਨਪਾਰਾ ਨਬੀਨਗਰ ਮੁਹਾਰਨੀਆਂ ਦਾ 18 ਸਾਲਾ ਨਰਮ ਸੁਭਾਅ ਦਾ ਨੌਜਵਾਨ,ਪਰਿਵਾਰ ਦੇ ਮੁਖ ਘਰ ਤੋਂ ਲਗਪਗ ਛੇ ਸੌ ਮੀਟਰ ਦੀ ਦੂਰੀ ਤੇ ਇਕ ਛੋਟੀ ਜਿਹੀ ਕੁਟੀਆ ਵਿੱਚ ਰਹਿੰਦਾ ਸੀ ।ਉਹ ਬਹੁਤਾ ਜ਼ਿਆਦਾ ਨਹੀਂ ਬੋਲਦਾ ਸੀ ਪਰ ਗਹਿਰਾ ਵਿਚਾਰਸ਼ੀਲ ਸੀ ਅਤੇ ਕਿਸਾਨ ਲਹਿਰ ਨਾਲ ਗਹਿਰੀ ਹਮਦਰਦੀ ਰੱਖਦਾ ਸੀ ।ਉਸ ਦੇ ਦਾਦਾ ਜੀ 1973 ਵਿੱਚ ਇਸ ਇਲਾਕੇ ਵਿੱਚ ਆਏ ਸਨ ਅਤੇ ਇਸ ਪਿੰਡ ਵਿੱਚ ਅੱਠ ਏਕੜ ਜ਼ਮੀਨ ਖ਼ਰੀਦੀ ਸੀ । ਇੱਥੇ ਉਹ ਇਕਲੌਤਾ ਪੰਜਾਬੀ ਪਰਿਵਾਰ ਸੀ ।ਨੌਜਵਾਨ ਗੁਰਵਿੰਦਰ ਬੇਹੱਦ ਰੂਹਾਨੀ ਸੀ ,ਉਸ ਦੇ ਪਰਿਵਾਰ ਨੇ ਕਿਹਾ ਪ੍ਰੰਤੂ ਮੰਤਰੀ ਅਜੈ ਮਿਸ਼ਰਾ 'ਟੈਨੀ' ਦੇ ਬਿਆਨ, ਕਿ ਉਹ ਦੋ ਮਿੰਟ ਚ ਕਿਸਾਨਾਂ ਨੂੰ ਸਿੱਧੇ ਕਰ ਦੇਵੇਗਾ , ਨੇ ਉਸ ਨੂੰ ਬਹੁਤ ਜ਼ਿਆਦਾ ਦੁੱਖ ਪਹੁੰਚਾਇਆ ਸੀ ।ਇਸ ਲਈ ਉਸ ਨੇ ਪ੍ਰਦਰਸ਼ਨ ਤੇ ਜਾਣ ਦਾ ਫ਼ੈਸਲਾ ਕੀਤਾ ।ਗੁਰਵਿੰਦਰ ਤਜਿੰਦਰ ਸਿੰਘ ਵਿਰਕ ਨਾਲ ਜਾ ਰਿਹਾ ਸੀ ਜਦੋਂ ਕਾਰ ਨੇ ਉਸ ਨੂੰ ਟੱਕਰ ਮਾਰੀ ।ਭਾਈਚਾਰੇ ਦੇ ਕਈ ਮੈਂਬਰਾਂ ਨੇ ਤੱਥ ਖੋਜ ਟੀਮ ਨੂੰ ਦੱਸਿਆ ਕਿ ਗੁਰਵਿੰਦਰ ਨੇ ਮੋਨੂੰ ਮਿਸ਼ਰਾ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਉਸ ਦੇ ਸਿਰ ਤੇ ਚੋਟ ਮਾਰੀ ਗਈ ਸੀ ਸ਼ਾਇਦ ਇਕ ਗੋਲੀ ਹੋ ਸਕਦੀ ਹੈ ਜਿਹੜੀ ਮੋਨੂੰ ਨੇ ਆਪਣੇ ਹਥਿਆਰ ਤੋਂ ਚਲਾਈ ਸੀ ।ਤਸਵੀਰਾਂ ਉਸ ਦੇ ਸਿਰ ਵਿਚ ਗਹਿਰਾ ਜ਼ਖ਼ਮ ਦਿਖਾਉਂਦੀਆਂ ਸਨ ,ਅਤੇ ਜਦੋਂ ਕਿ ਐਫ ਐੱਸ ਐੱਲ ਰਿਪੋਰਟ ਸਰਕਾਰੀ ਤੌਰ ਤੇ ਬਿਆਨ ਕਰਦੀ ਹੈ ਕਿ ਗੋਲੀਆਂ ਉਸ ਦੇ ਹਥਿਆਰ ਤੋਂ ਚਲਾਈਆਂ ਗਈਆਂ ਸਨ ,ਗੁਰਵਿੰਦਰ ਦੇ ਦੋ ਪੋਸਟਮਾਰਟਮਾ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਕਿ ਸਿਰ ਦਾ ਜ਼ਖਮ ਗੋਲੀ ਦਾ ਜ਼ਖ਼ਮ ਸੀ ।

ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੀ ਉਪ ਸਥਾਪਨਾ

ਐਸਆਈਟੀ ਵੱਲੋਂ 14 ਦਸੰਬਰ 2021 ਨੂੰ ਸੈਸ਼ਨ ਕੋਰਟ ਨੂੰ ਦਿੱਤੀ ਗਈ ਉਪ ਸਥਾਪਨਾ ਵਿੱਚ ਕਿਹਾ ਕਿ ਲਖੀਮਪੁਰ ਖੀਰੀ ਹਿੰਸਾ ਅਣਗਹਿਲੀ ਦੀ ਕਾਰਵਾਈ ਨਹੀਂ ਸੀ ਬਲਕਿ ਪ੍ਰਦਰਸ਼ਨਕਾਰੀਆਂ ਨੂੰ ਕਤਲ ਕਰਨ ਲਈ ਪਹਿਲਾਂ ਸੋਚੀ ਸਮਝੀ ਸਾਜ਼ਿਸ਼ ਦੇ ਸਿੱਟੇ ਵਜੋਂ ਅਮਲ ਵਿੱਚ ਲਿਆਂਦੀ ਗਈ ਸੀ ।ਐਸਆਈਟੀ ਨੇ ਸੈਸ਼ਨ ਕੋਰਟ ਸਾਹਮਣੇ ਇਹ ਬੀ ਉਪਸਥਿਤ ਕੀਤਾ ਕਿ ਅਸ਼ੀਸ਼ ਮਿਸ਼ਰਾ ਅਤੇ ਦੂਸਰੇ ਮੁਲਜ਼ਮਾਂ ਖ਼ਿਲਾਫ਼ ਐਫਆਈਆਰ ਵਿੱਚ ਸ਼ਾਮਲ ਕੀਤੀਆਂ ਧਰਾਵਾਂ ਸੋਧੀਆਂ ਜਾਣ ।ਇਸ ਨੇ ਧਾਰਾ 307(ਇਰਾਦਾ ਕਤਲ), 326(ਖਤਰਨਾਕ ਹਥਿਆਰ ਨਾਲ ਚੋਟ ਪਹੁੰਚਾਉਣਾ) 34 (ਸਾਂਝੇ ਇਰਾਦੇ ਦੀ ਪੂਰਤੀ ਲਈ ਕਈ ਵਿਅਕਤੀਆਂ ਵੱਲੋਂ ਕਾਰਵਾਈਆਂ ਕਰਨੀਆਂ)3/25 ਅਸਲਾ ਕਾਨੂੰਨ ਨੂੰ ਸ਼ਾਮਲ ਕਰਨ ਲਈ ਕਿਹਾ ਜਦੋਂ ਕਿ 304 ਏ(ਗ਼ੈਰ ਇਰਾਦਤਨ ਕਤਲ ਦਾ ਜੁਰਮ) 279 (ਲਾਪ੍ਰਵਾਹੀ ਨਾਲ ਗੱਡੀ ਚਲਾਉਣਾ)338(ਗੰਭੀਰ ਚੋਟ ਪਹੁੰਚਾਉਣਾ)ਧਰਾਵਾਂ ਹਟਾਉਣ ਦੀ ਅਦਾਲਤ ਨੂੰ ਬੇਨਤੀ ਕੀਤੀ ਹੈ ।

ਤੱਥ ਖੋਜ ਕਮੇਟੀ ਸਿੱਟਾ ਕੱਢਦੀ ਹੈ ਅਤੇ ਮੰਗ ਕਰਦੀ ਹੈ -

1.ਅਜੇ ਮਿਸ਼ਰਾ ਦਾ ਅਤੀਤ ਅਤੇ ਉਸ ਵੱਲੋਂ ਮੌਜੂਦਾ ਰਾਜ ਵਿਚ ਮਾਣੀ ਜਾ ਰਹੀ ਅਥਾਹ ਤਾਕਤ ਜਾਂਚ ਦੇ ਪ੍ਰਭਾਵਤ ਕੀਤੇ ਜਾਣ , ਆਪਣੇ ਫ਼ਾਇਦੇ ਅਨੁਸਾਰ ਤੋੜਨ ਮਰੋੜਨ ਅਤੇ ਆਪਣੇ ਅਤੇ ਆਪਣੀ ਪਾਰਟੀ ਦੇ ਹੱਕ ਵਿਚ ਉਲਟ ਪੁਲਟ ਕਰਨ ਲਈ ਅਸਲੀ ਜ਼ਰਖੇਜ਼ ਭੋਇੰ ਮੁਹੱਈਆ ਕਰਵਾਉਂਦੀ ਹੈ ।

2.ਇਸ ਲਈ ਸਾਫ਼ ਸੁਥਰੀ ਜਾਂਚ ਕੀਤੇ ਜਾਣ ਲਈ ਅਜੇ ਮਿਸ਼ਰਾ ਨੂੰ ਉਸ ਦੇ ਮੌਜੂਦਾ ਮੰਤਰੀ ਪਦ ਤੋਂ ਲਾਂਭੇ ਕੀਤੇ ਜਾਣਾ ਚਾਹੀਦਾ ਹੈ ਅਤੇ ਉਸ ਉਸ ਖ਼ਿਲਾਫ਼ 120 ਸੀਆਰਪੀਸੀ ਦੀ ਸ਼ਿਕਾਇਤ ਦੀ ਪੈਰਵਾਈ ਹੋਣੀ ਚਾਹੀਦੀ ਹੈ ।

3. ਪੁਲੀਸ ਦੀ ਭੂਮਿਕਾ ਵੀ ਨਿੰਦਣਯੋਗ ਪਾਈ ਗਈ ਹੈ ।ਪੁਲਸ ਨੇ ਮੁਜਰਮਾਂ ਦਾ ਪੱਖ ਲਿਆ ਹੈ ਜੁਰਮ ਦੇ ਸਥਾਨ ਤੇ ਉਨ੍ਹਾਂ ਦੇ ਪ੍ਰਵੇਸ਼ ਅਤੇ ਉਥੋਂ ਬਚ ਨਿਕਲਣ ਵਿੱਚਉਨ੍ਹਾਂ ਦੀ ਮਦਦ ਕੀਤੀ ਹੈ ,ਛੂਠ ,ਪਰਦਾਪੋਸ਼ੀ ।

4.ਯੋਗ ਪ੍ਰਕਿਰਿਆ ਰਾਹੀਂ ਰਾਜ ਦੀ ਦੰਡਮੁਕਤੀ ਨੂੰ ਵੀ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ਜਿਸ ਦੇ ਲਈ ਇਹ ਮਹੱਤਵਪੂਰਨ ਹੈ ਕਿ ਆਜ਼ਾਦ ਅਤੇ ਨਿਰਪੱਖ ਜਾਂਚ ਹੋਵੇ।ਅਜਿਹਾ ਕਰਨ ਲਈ ਅਜੇ ਮਿਸ਼ਰਾ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਜਾਣਾ ਚਾਹੀਦਾ ਹੈ ।

5.ਪਰਿਵਾਰ ਦੀਆਂ ਗਵਾਹੀਆਂ ਤੋਂ ਇਹ ਸਪਸ਼ਟ ਹੈ ਕਿ ਖ਼ਸਤਾ ਰਾਜ ਬੁਨਿਆਦੀ ਢਾਂਚਾ ਅਤੇ ਸਿਹਤ ਸੇਵਾਵਾਂ ਨੇ ਜ਼ਿੰਦਗੀਆਂ ਦੀ ਕੀਮਤ ਲਈ ।ਜੇਕਰ ਇਲਾਕੇ ਵਿਚ ਉਚਿਤ ਹਸਪਤਾਲ ਸਹੂਲਤਾਂ ਹੁੰਦੀਆਂ ਘੱਟੋ ਘੱਟ ਕੁਝ ਹੋਰ ਜ਼ਿੰਦਗੀਆਂ ਨੂੰ ਬਚਾਇਆ ਜਾ ਸਕਦਾ ਸੀ ।ਇਲਾਕੇ ਵਿੱਚ ਅਜਿਹੀਆਂ ਸਹੂਲਤਾਂ ਵਿਕਸਤ ਕਰਨਾ ਚੁਣੇ ਹੋਏ ਸਥਾਨਕ ਨੁਮਾਇੰਦਿਆਂ ਦੀ ਜ਼ਿੰਮੇਵਾਰੀ ਸੀ ਪਰੰਤੂ ਅਜੇ ਮਿਸ਼ਰਾ ਆਪਣੀ ਭੂਮਿਕਾ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ ।

6.ਇਲਾਕੇ ਵਿਚ ਡਰ ਦਾ ਮਾਹੌਲ ਹੈ ।ਰਾਜ ਨੂੰ ਸਾਰੇ ਗਵਾਹਾਂ ਨੂੰ ਸੁਰੱਖਿਆ ਦੇਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਬਿਨਾਂ ਡਰ ਤੋਂ ਆਪਣਾ ਪੱਖ ਰੱਖਣ ਦੀ ਆਗਿਆ ਹੋਣੀ ਚਾਹੀਦੀ ਹੈ ।

7.ਇੰਟਰਨੈੱਟ ਬੰਦ ਕਰਨ ਦਾ ਅਮਲ, ਜਿਸ ਨੂੰ ਮੌਜੂਦਾ ਸ਼ਾਸਨ ਬਿਨਾਂ ਕਿਸੇ ਨੁਕਸਾਨ ਤੋਂ ਵਰਤ ਰਿਹਾ ਹੈ , ਨੂੰ ਵੰਗਾਰਿਆ ਜਾਣਾ ਚਾਹੀਦਾ ਹੈ । ਇਹ ਪੀੜਤਾਂ ਨੂੰ ਖ਼ਾਮੋਸ਼ ਕਰਨ ਲਈ ਕੰਮ ਕਰਦਾ ਹੈ ਅਤੇ ਅਤੇ ਅਪਰਾਧੀਆਂ ਨੂੰ ਜਨਤਾ ਵਿੱਚ ਆਪਣਾ ਬਿਰਤਾਂਤ ਸਿਰਜਣ ਦੀ ਆਗਿਆ ਦਿੰਦਾ ਹੈ ।ਇਸ ਅਮਲ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ ।

8.ਧਾਰਾ 144 ਦੀ ਮਨਮਰਜ਼ੀ ਨਾਲ ਵਰਤੋਂ ਅਤੇ ਲੋਕਾਂ ,ਪ੍ਰੈੱਸ ਅਤੇ ਰਾਜਨੀਤਕ ਕਾਰਜਕਰਤਾਵਾਂ ਦੀ ਸਰਗਰਮੀ ਨੂੰ ਜੁਰਮ ਦੇ ਦ੍ਰਿਸ਼ ਤੇ ਪਹੁੰਚਣ ਤੋਂ ਰੋਕਣਾ ਗੁਨਾਹਗਾਰਾਂ ਦੇ ਪੱਖ ਵਿੱਚ ਕੰਮ ਕਰਦਾ ਹੈ ।

9.ਭੀੜ ਨੂੰ ਕਾਬੂ ਹੇਠ ਕਰਨ ਦਾ ਸ਼ਿਸ਼ਟਾਚਾਰ ਆਦੇਸ਼ ਦਿੰਦਾ ਹੈ ਕਿ ਪੁਲੀਸ ਮੁੱਢਲੀ ਸਹਾਇਤਾ ਦੇਣ ਅਤੇ ਜ਼ਖ਼ਮੀਆਂ ਨੂੰ ਇਲਾਜ ਭੇਜਣ ਦੇ ਕੁਸ਼ਲ ਢੰਗ ਦਾ ਪ੍ਰਬੰਧ ਕਰੇ ।

10.ਉਪ ਮੁੱਖ ਮੰਤਰੀ ਦੇ ਬਨਬੀਰ ਪੁਰ ਉਤਰਨ ਦੇ ਪ੍ਰੋਗਰਾਮ ਰੱਦ ਹੋਣ ਬਾਰੇ ਇਸ ਘਟਨਾ ਦੇ ਵਾਪਰਨ ਤੋਂ ਇਕ ਦਿਨ ਪਹਿਲਾਂ ਪਤਾ ਸੀ । ਕਿਸਾਨਾਂ ਤੋਂ ਇਹ ਗੱਲ ਪਰੀ ਰੱਖਦਿਆਂ ਪੁਲੀਸ ਅਤੇ ਸਥਾਨਕ ਪ੍ਰਸ਼ਾਸਨ ਨੇ ਇਲਾਕੇ ਵਿਚ ਤਣਾਅ ਪੈਦਾ ਕਰਨ ਵਿੱਚ ਯੋਗਦਾਨ ਪਾਇਆ ।

11.ਬੀਜੇਪੀ ਕਾਰਜਕਰਤਾਵਾਂ ਵਿੱਚੋਂ ਇਕ ਸ਼ਿਆਮ ਸੁੰਦਰ ਨੋਸ਼ਾਦ ਜਿਸ ਨੂੰ ਕਿਸਾਨਾਂ ਨੇ ਹਵਾਲੇ ਕੀਤਾ ਸੀ ਪੁਲੀਸ ਪਾਸ ਜ਼ਿੰਦਾ ਸੀ ਅਤੇ ਇਕ ਐਂਬੂਲੈਂਸ ਤਕ ਪਹੁੰਚ ਗਿਆ ਸੀ । ਪਰ ਉਸ ਨੂੰ ਬਾਅਦ ਵਿਚ ਮ੍ਰਿਤਕ ਪਾਇਆ ਗਿਆ ।ਉਸ ਦੀ ਮੌਤ ਦੀ ਪੁਲੀਸ ਕਿਵੇਂ ਵਿਆਖਿਆ ਕਰਦੀ ਹੈ ?ਅਜੇ ਮਿਸ਼ਰਾ ਨੇ ਜਨਤਾ ਵਿਚ ਗਵਾਹੀ ਦਿੱਤੀ ਕਿ ਸ਼ਿਆਮ ਸੁੰਦਰ ਨਿਸ਼ਾਦ ਐਂਬੂਲੈਂਸ ਤੋਂ ਲਾਹ ਕੇ ਪੁਲਸ ਦੀ ਹਿਰਾਸਤ ਵਿਚ ਮਾਰਿਆ ਗਿਆ ,ਡੂੰਘੀ ਜਾਂਚ ਦੀ ਮੰਗ ਕਰਦਾ ਹੈ ।

12.ਟੈਨੀ ਦੇ ਡਰਾਇੀਵਰ ਓਮ ਪ੍ਰਕਾਸ਼ ਦੀ ਮੌਤ ਵੀ ਪੂਰੀ ਜਾਂਚ ਦੀ ਮੰਗ ਕਰਦੀ ਹੈ ਕਿਉਂਕਿ ਉਸ ਦੀ ਮੌਤ ਅਸ਼ੀਸ਼ ਮਿਸ਼ਰਾ ਦੇ ਫ਼ਾਇਦੇ ਚ ਹੈ ।

13. ਬੇਕਸੂਰ ਕਿਸਾਨ ਜਿਨ੍ਹਾਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ ਰਿਹਾਅ ਕੀਤਾ ਜਾਵੇ ।